ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

www.awazeqaumtv.com

Also On

Visit on facebook

https://www.facebook.com/awazeqaumtv/videos/194899582124531/

YouTube https://youtu.be/LQwolgxDu7I

awazeqaumtvpunjab@gmail.com

ਐਤਵਾਰ, 11 ਅਗਸਤ 2024 (ਨਾਨਕਸ਼ਾਹੀ ਸੰਮਤ : ੫੫੬, ੨੭ ਸਾਵਣ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ.ਕੇ., ਸੰਪਰਕ : +447458381111,+447976210161,+919729091243


Exclusive News

## ਆਸਟ੍ਰੇਲੀਆ ਭੇਜਣ ਦੇ ਨਾਮ 'ਤੇ ਲੱਖਾਂ ਰੁਪਏ ਦੀ ਧੋਖਾਧੜੀ, ਇਕ ਦਰਜਨ ਵਿਅਕਤੀਆਂ ਖ਼ਿਲਾਫ ਕੇਸ ਦਰਜ

**ਪਟਿਆਲਾ, 10 ਅਗਸਤ (ਆਵਾਜ਼ਿ ਕੌਮ ਬਿਊਰੋ)**-ਥਾਣਾ ਅਰਬਨ ਅਸਟੇਟ ਦੀ ਪੁਲਸ ਨੇ ਵਿਦੇਸ਼ ਭੇਜਣ ਦੇ ਨਾਮ 'ਤੇ ਲੱਖਾਂ ਰੁਪਏ ਦੀ ਧੋਖਾਧੜੀ ਕਰਨ ਦੇ ਦੋਸ਼ ਵਿਚ ਲਗਭਗ ਇੱਕ ਦਰਜਨ ਵਿਅਕਤੀਆਂ ਖ਼ਿਲਾਫ ਕੇਸ ਦਰਜ ਕੀਤਾ ਹੈ। ਜਿਹੜੇ ਵਿਅਕਤੀਆਂ ਖ਼ਿਲਾਫ ਕੇਸ ਦਰਜ ਕੀਤਾ ਗਿਆ ਹੈ, ਉਨ੍ਹਾਂ ਵਿਚ ਰਣਜੀਤ ਸਿੰਘ ਪੁੱਤਰ ਆਤਮਾ ਸਿੰਘ, ਪ੍ਰਭਲੀਨ ਕੌਰ ਪੁੱਤਰ ਰਣਜੀਤ ਸਿੰਘ ਵਾਸੀ ਰਣਜੀਤ ਨਗਰ ਸਿਉਨਾ ਰੋਡ ਪਟਿਆਲਾ, ਨੁਜਹਤ ਪ੍ਰਵੀਨ ਪਤਨੀ ਮੁਹੰਮਦ ਨਾਸਿਰ ਅਲੀ ਵਾਸੀ ਬੈਂਬੂ ਬਜ਼ਾਰ ਰੋਡ ਸ਼ਿਵਾਜੀ ਨਗਰ ਬੈਂਗਲੁਰੂ ਕਰਨਾਟਕਾ, ਸੁਮੀ ਸੁਲੇਮਾਨ ਪਤਨੀ ਹਬੂਬੂ ਰਹਿਮਾਨ ਪੀ.ਐਮ ਆਦਿ ਸਮੇਤ ਲਗਭਗ ਇਕ ਦਰਜਨ ਵਿਅਕਤੀ ਸ਼ਾਮਲ ਹਨ। ਇਸ ਮਾਮਲੇ ਵਿਚ ਮਨਜੀਤ ਕੌਰ ਪਤਨੀ ਗੁਰਮੇਜ ਸਿੰਘ ਵਾਸੀ ਗੋਬਿੰਦ ਭਵਨ ਹੀਰਾ ਬਾਗ ਗਲੀ ਨੰ:2 ਪਟਿਆਲਾ ਨੇ ਸ਼ਿਕਾਇਤ ਦਰਜ ਕਰਵਾਈ ਸੀ ਕਿ ਉਕਤ ਵਿਅਕਤੀਆਂ ਨੇ ਉਸ ਦੇ ਲੜਕੇ ਨੂੰ ਵਿਦੇਸ਼ ਆਸਟਰੇਲੀਆ ਭੇਜਣ ਦਾ ਝਾਂਸਾ ਦੇ ਕੇ 21 ਲੱਖ ਰੁਪਏ ਲੈ ਲਏ ਅਤੇ ਨਵਜੋਤ ਸਿੰਘ ਨੂੰ ਦੁਬਈ ਭੇਜ ਕੇ ਉਥੋਂ ਆਸਟਰੇਲੀਆ ਭੇਜਣਾ ਸੀ। ਜਦੋਂ ਸ਼ਿਕਾਇਤਕਰਤਾ ਨੇ ਆਸਟਰੇਲੀਆ ਭੇਜਣ ਲਈ ਕਿਹਾ ਤਾਂ ਉਕਤ ਵਿਅਕਤੀਆਂ ਨੇ ਧਮਕੀਆਂ ਦੇਣੀਆਂ ਸ਼ੁਰੂ ਕਰ ਦਿੱਤੀਆਂ ਅਤੇ ਕਾਫੀ ਮੁਸ਼ੱਕਤ ਤੋਂ ਬਾਅਦ ਉਸ ਦੇ ਲੜਕੇ ਦਾ ਪਾਸਪੋਰਟ ਵਾਪਸ ਕਰਕੇ ਉਸ ਨੂੰ ਵਾਪਸ ਭਾਰਤ ਭੇਜਿਆ। ਇਸ ਤੋਂ ਬਾਅਦ ਪੁਲਸ ਨੇ ਪੜਤਾਲ ਤੋਂ ਬਾਅਦ ਉਕਤ ਵਿਅਕਤੀਆਂ ਖ਼ਿਲਾਫ 406, 420, 506, 120 ਬੀ ਆਈ. ਪੀ. ਸੀ ਦੇ ਤਹਿਤ ਕੇਸ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

### ਬ੍ਰਾਜ਼ੀਲ 'ਚ

# ਜਹਾਜ਼ ਕਰੈਸ਼, 62 ਯਾਤਰੀਆਂ ਦੀ ਮੌਤ



**ਨਵੀਂ ਦਿੱਲੀ, 10 ਅਗਸਤ (ਆਵਾਜ਼ਿ ਕੌਮ ਬਿਊਰੋ)**-ਬ੍ਰਾਜ਼ੀਲ ਦੇ ਵਿਨਹੇਡੋ ਤੋਂ ਇੱਕ ਦਿਲ ਦਹਿਲਾ ਦੇਣ ਵਾਲੀ ਖਬਰ ਸਾਹਮਣੇ ਆਈ ਹੈ। ਜਾਣਕਾਰੀ ਮੁਤਾਬਕ 62 ਲੋਕਾਂ ਨੂੰ ਲੈ ਕੇ ਜਾ ਰਿਹਾ ਜਹਾਜ਼ ਕਰੈਸ਼ ਹੋ ਗਿਆ। ਇਸ ਦੀ ਵੀਡੀਓ ਸੋਸ਼ਲ ਮੀਡੀਆ 'ਤੇ ਵੀ ਦੇਖੀ ਜਾ ਸਕਦੀ ਹੈ। ਵੀਡੀਓ 'ਚ ਤੁਸੀਂ ਦੇਖ ਸਕਦੇ ਹੋ ਕਿ ਇਕ ਜਹਾਜ਼ ਕੰਟਰੋਲ ਤੋਂ ਬਾਹਰ ਆਕਾਸ਼ ਤੋਂ ਜ਼ਮੀਨ 'ਤੇ ਡਿੱਗ ਰਿਹਾ ਹੈ। ਸਥਾਨਕ ਟੀਵੀ ਚੈਨਲ ਗਲੋਬੋਨਿਊਜ਼ ਨੇ ਦੱਸਿਆ ਕਿ ਬ੍ਰਾਜ਼ੀਲ ਦੇ ਵਿਨਹੇਡੋ ਵਿੱਚ ਸ਼ੁੱਕਰਵਾਰ ਨੂੰ 62 ਲੋਕਾਂ ਨੂੰ ਲੈ ਕੇ ਜਾ ਰਿਹਾ ਇੱਕ ਜਹਾਜ਼ ਹਾਦਸਾਗ੍ਰਸਤ ਹੋ ਗਿਆ। ਵੈੱਬਸਾਈਟ ਜੀ1 ਨੇ ਵੋਇਪਾਸ ਦਾ ਹਵਾਲਾ ਦਿੰਦੇ ਹੋਏ ਕਿਹਾ ਕਿ ਏਅਰਲਾਈਨ ਵੋਇਪਾਸ ਲਿਨਹਾਸ ਏਰੀਆਸ ਦੁਆਰਾ ਸੰਚਾਲਿਤ ਏਟੀਆਰ-72 ਜਹਾਜ਼ ਪਰਾਨਾ ਰਾਜ ਦੇ ਕੈਸਕੇਵਲ ਤੋਂ ਸਾਓ ਪਾਓਲੋ ਦੇ ਗੁਆਰੁਲਹੋਸ ਜਾ ਰਿਹਾ ਸੀ। ਸਾਓ ਪਾਓਲੋ ਸਥਿਤ ਫਾਇਰ ਫਾਈਟਰਜ਼ ਦੀ ਸਥਾਨਕ ਟੀਮ ਨੇ ਇਸ ਘਟਨਾ ਦੀ ਪੁਸ਼ਟੀ ਕੀਤੀ ਅਤੇ ਕਿਹਾ ਕਿ ਇਕ ਜਹਾਜ਼ ਕਰੈਸ਼ ਹੋ ਗਿਆ ਸੀ। ਫਿਲਹਾਲ ਇਸ ਘਟਨਾ ਦੀ ਇੰਨੀ ਹੀ ਜਾਣਕਾਰੀ ਹੈ। ਸੂਚਨਾ ਮਿਲਦੇ ਹੀ ਖਬਰ ਨੂੰ ਅਪਡੇਟ ਕੀਤਾ ਜਾਵੇਗਾ। ਨਿਊਜ਼ ਏਜੰਸੀ ਐਸੋਸੀਏਟਿਡ ਪ੍ਰੈਸ ਨੇ ਇਸ ਖ਼ਬਰ ਦੀ ਪੁਸ਼ਟੀ ਕਰਨ ਲਈ ਬ੍ਰਾਜ਼ੀਲ ਦੀ ਏਅਰਪੋਰਟ ਅਥਾਰਟੀ ਇਨਫਰਾਰੋ ਨਾਲ ਸੰਪਰਕ ਕੀਤਾ। ਹਾਲਾਂਕਿ ਅਥਾਰਟੀ ਨੇ ਇਸ ਖਬਰ ਦੀ ਪੁਸ਼ਟੀ ਨਹੀਂ ਕੀਤੀ ਹੈ। ਇਸ ਸਭ ਦੇ ਬਾਵਜੂਦ ਹੈਰਾਨ ਕਰਨ ਵਾਲੀ ਖਬਰ ਆ ਰਹੀ ਹੈ ਕਿ ਇਕ ਯਾਤਰੀ ਜਹਾਜ਼ ਕਰੈਸ਼ ਹੋ ਗਿਆ ਹੈ, ਜਿਸ ਵਿਚ 62 ਯਾਤਰੀ ਸਵਾਰ ਸਨ।

## ਗਾਜ਼ਾ 'ਚ ਸਕੂਲ 'ਤੇ ਵਰ੍ਹੇ ਇਜ਼ਰਾਇਲੀ ਬੰਬ, 100 ਤੋਂ ਵੱਧ ਮੌਤਾਂ, ਮਸਜਿਦ ਨੇੜੇ ਵੀ ਧਮਾਕਾ, ਭੜਕੇ ਹਮਾਸ ਨੇ ਦੱਸਿਆ ਕਤਲੇਆਮ !

**ਗਾਜ਼ਾ, 10 ਅਗਸਤ (ਆਵਾਜ਼ਿ ਕੌਮ ਬਿਊਰੋ)**-ਗਾਜ਼ਾ ਵਿੱਚ ਬੇਘਰ ਹੋਏ ਬੇਘਰ ਲੋਕਾਂ ਦੇ ਇੱਕ ਸਕੂਲ ਹਾਊਸਿੰਗ ਉੱਤੇ ਇੱਕ ਵੱਡੇ ਇਜ਼ਰਾਈਲੀ ਹਵਾਈ ਹਮਲੇ ਵਿੱਚ 100 ਤੋਂ ਵੱਧ ਲੋਕ ਹਲਾਕ ਹੋ ਗਏ ਸਨ। ਜਿੱਥੇ ਇਸ ਹਮਲੇ 'ਚ ਦਰਜਨਾਂ ਲੋਕ ਜ਼ਖਮੀ ਹੋਏ ਹਨ। ਇਜ਼ਰਾਇਲੀ ਰੱਖਿਆ ਬਲਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਸਕੂਲ 'ਚ ਸੰਚਾਲਿਤ ਹਮਾਸ ਦੇ ਕਮਾਂਡ ਐਂਡ ਕੰਟਰੋਲ ਸੈਂਟਰ ਨੂੰ ਨਿਸ਼ਾਨਾ ਬਣਾਇਆ ਹੈ। ਅਲ ਜਜ਼ੀਰਾ ਦੀ ਰਿਪੋਰਟ ਮੁਤਾਬਕ ਗਾਜ਼ਾ ਦੀ ਸਿਵਲ ਡਿਫੈਂਸ ਏਜੰਸੀ ਦਾ ਕਹਿਣਾ ਹੈ ਕਿ ਸਵੇਰ ਦੀ ਨਮਾਜ਼ ਦੌਰਾਨ ਹੋਏ ਇਸ ਹਮਲੇ ਵਿੱਚ ਮਾਰੇ ਗਏ 100 ਤੋਂ ਵੱਧ ਲੋਕਾਂ ਦੀਆਂ ਲਾਸ਼ਾਂ ਬਰਾਮਦ ਕਰ ਲਈਆਂ ਗਈਆਂ ਹਨ ਪਰ 35 ਲਾਸ਼ਾਂ ਇੰਨੀਆਂ ਬੁਰੀ ਤਰ੍ਹਾਂ ਨੁਕਸਾਨੀਆਂ ਗਈਆਂ ਹਨ ਕਿ ਉਨ੍ਹਾਂ ਦੀ ਪਛਾਣ ਨਹੀਂ ਹੋ ਸਕੀ। ਹਾਲਾਂਕਿ ਬੰਬ ਧਮਾਕੇ ਵਾਲੇ ਸਕੂਲ ਵਾਲੀ ਥਾਂ ਤੋਂ ਅਜੇ ਵੀ ਲੋਕਾਂ ਨੂੰ ਬਾਹਰ ਕੱਢਿਆ ਜਾ ਰਿਹਾ ਹੈ, ਜਿਨ੍ਹਾਂ 'ਚੋਂ ਹੁਣ ਤੱਕ 80 ਲਾਸ਼ਾਂ ਦੀ ਪਛਾਣ ਹੋ ਚੁੱਕੀ ਹੈ। ਜਦਕਿ 20 ਲਾਸ਼ਾਂ ਦੀ ਪਛਾਣ ਨਹੀਂ ਹੋ ਸਕੀ ਹੈ। ਸਿਵਲ ਡਿਫੈਂਸ ਏਜੰਸੀ ਦਾ ਕਹਿਣਾ ਹੈ ਕਿ 35 ਲਾਸ਼ਾਂ ਅਜਿਹੀਆਂ ਹਨ ਜਿਨ੍ਹਾਂ ਦੇ ਟੁਕੜੇ-ਟੁਕੜੇ ਹੋ ਗਏ ਹਨ ਤੇ ਲਾਸ਼ਾਂ ਦੇ ਟੁਕੜੇ-ਟੁਕੜੇ ਹੋਣ ਕਾਰਨ ਇਨ੍ਹਾਂ ਲਾਸ਼ਾਂ ਦੀ ਪਛਾਣ ਵੀ ਨਹੀਂ ਹੋ ਸਕੀ। ਇਹ ਸਾਰੀਆਂ ਲਾਸ਼ਾਂ ਟੁਕੜਿਆਂ ਵਿੱਚ ਹਸਪਤਾਲ ਪਹੁੰਚੀਆਂ ਹਨ। ਇਹ ਲਾਸ਼ਾਂ ਜਾਂ ਤਾਂ ਪਲਾਸਟਿਕ ਦੇ ਥੈਲਿਆਂ ਵਿੱਚ ਜਾਂ ਕੰਬਲਾਂ ਵਿੱਚ ਲਪੇਟ ਕੇ ਹਸਪਤਾਲ ਪਹੁੰਚੀਆਂ। ਹਾਲਾਂਕਿ ਇਨ੍ਹਾਂ ਲਾਸ਼ਾਂ ਦੀ ਪਛਾਣ ਨਹੀਂ ਹੋ ਸਕੀ ਹੈ। ਇਸ ਦੇ ਨਾਲ ਹੀ ਮ੍ਰਿਤਕਾਂ ਦੇ ਰਿਸ਼ਤੇਦਾਰ ਆਪਣੇ ਅਜ਼ੀਜ਼ਾਂ ਦੀ ਪਛਾਣ ਕਰਨ ਦੇ ਤਰੀਕੇ ਲੱਭ ਰਹੇ ਹਨ। ਰਿਸ਼ਤੇਦਾਰ ਲਾਸ਼ ਦੇ ਨਿਸ਼ਾਨ ਜਾਂ ਹੋਰ ਕੋਈ ਨਿਸ਼ਾਨ ਦੇਖ ਕੇ ਮ੍ਰਿਤਕ ਦੀ ਪਛਾਣ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਇਸ ਤੋਂ ਇਲਾਵਾ ਇਜ਼ਰਾਇਲੀ ਫੌਜ ਨੇ ਕੈਂਪ 'ਚ ਇੱਕ ਮਸਜਿਦ ਨੇੜੇ ਹਮਲਾ ਕੀਤਾ ਹੈ, ਜਿਸ 'ਚ ਘੱਟੋ-ਘੱਟ ਤਿੰਨ ਲੋਕ ਮਾਰੇ ਗਏ ਹਨ। ਇਜ਼ਰਾਈਲੀ ਫੌਜ ਨੇ ਸ਼ਨੀਵਾਰ (10 ਅਗਸਤ) ਨੂੰ ਦਾਅਵਾ ਕੀਤਾ ਕਿ ਉਸਦੀ ਹਵਾਈ ਸੈਨਾ ਨੇ ਅਲ-ਤਾਬਿਨ ਸਕੂਲ ਵਿੱਚ "ਕਮਾਂਡ ਐਂਡ ਕੰਟਰੋਲ ਸੈਂਟਰ" ਉੱਤੇ ਹਮਲਾ ਕੀਤਾ ਜੋ "ਹਮਾਸ ਦੇ ਅੱਤਵਾਦੀਆਂ ਤੇ ਕਮਾਂਡਰਾਂ ਲਈ ਇੱਕ ਛੁਪਣਗਾਹ ਵਜੋਂ ਕੰਮ ਕਰਦਾ ਸੀ।"

### ਹੱਦ ਕਰ ਦੀ ਆਪ ਨੇ...

## ਅਮਰੀਕਾ ਬੈਠੀ ਲੈਂਦੀ ਰਹੀ ਭਾਰਤ ਦੇ ਸਰਕਾਰੀ ਸਕੂਲ ਤੋਂ ਤਨਖਾਹ, ਸਿੱਖਿਆ ਵਿਭਾਗ ਦੀ ਵੱਡੀ ਲਾਪਰਵਾਹੀ

**ਨਵੀਂ ਦਿੱਲੀ, 10 ਅਗਸਤ (ਆਵਾਜ਼ਿ ਕੌਮ ਬਿਊਰੋ)**-ਗੁਜਰਾਤ ਦੇ ਬਨਾਸਕਾਂਠਾ ਜ਼ਿਲ੍ਹੇ 'ਚ ਅੰਬਾਜੀ ਨੇੜੇ ਸਥਿਤ ਇਕ ਸਰਕਾਰੀ ਸਕੂਲ 'ਚ ਇਕ ਅਜੀਬੋ-ਗਰੀਬ ਮਾਮਲਾ ਸਾਹਮਣੇ ਆਇਆ ਹੈ। ਪੰਚਾ ਪ੍ਰਾਇਮਰੀ ਸਕੂਲ ਦੀ ਅਧਿਆਪਕਾ ਭਾਵਨਾ ਪਟੇਲ, ਜੋ ਪਿਛਲੇ 8 ਸਾਲਾਂ ਤੋਂ ਅਮਰੀਕਾ 'ਚ ਰਹਿ ਰਹੀ ਹੈ, ਦਾ ਨਾਂ ਅਜੇ ਵੀ ਸਕੂਲ ਦੀ ਅਧਿਆਪਕ ਸੂਚੀ 'ਚ ਦਰਜ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਭਾਵਨਾ ਪਟੇਲ ਅਮਰੀਕਾ 'ਚ ਗ੍ਰੀਨ ਕਾਰਡ ਹੋਲਡਰ ਹੈ ਅਤੇ ਸਾਲ 'ਚ ਸਿਰਫ਼ ਇਕ ਮਹੀਨੇ ਲਈ ਭਾਰਤ ਆਉਂਦੀ ਹੈ ਪਰ ਉਸ ਦੀ ਤਨਖਾਹ ਲਗਾਤਾਰ ਜਾਰੀ ਹੈ। ਇਸ ਮਾਮਲੇ ਦਾ ਖੁਲਾਸਾ ਹੁੰਦੇ ਹੀ ਸਥਾਨਕ ਅਧਿਕਾਰੀਆਂ ਨੂੰ ਭਾਜੜ ਪੈ ਗਈ। ਜਾਂਚ 'ਚ ਸਾਹਮਣੇ ਆਇਆ ਕਿ ਭਾਵਨਾ ਪਟੇਲ ਦੀਵਾਲੀ ਦੇ ਸਮੇਂ ਹੀ ਸਕੂਲ ਆਉਂਦੀ ਹੈ ਅਤੇ ਬਾਕੀ ਸਮਾਂ ਅਮਰੀਕਾ 'ਚ ਰਹਿੰਦੀ ਹੈ। ਇਸ ਦੌਰਾਨ ਸਕੂਲ ਤੋਂ ਗੈਰ-ਹਾਜ਼ਰ ਹੋਣ ਦੇ ਬਾਵਜੂਦ ਉਸ ਦੀ ਤਨਖਾਹ ਜਾਰੀ ਹੈ, ਜੋ ਕਿ ਗੰਭੀਰ ਸਵਾਲ ਖੜ੍ਹੇ ਕਰ ਰਹੀ ਹੈ। ਅੰਬਾਜੀ ਮੰਦਰ ਦੇ ਨੇੜੇ ਸਥਿਤ ਪੰਚਾ ਪ੍ਰਾਇਮਰੀ ਸਕੂਲ 'ਚ ਭਾਵਨਾ ਪਟੇਲ ਬਾਰੇ ਇਹ ਵੀ ਜਾਣਕਾਰੀ ਮਿਲੀ ਹੈ ਕਿ ਉਹ 2 ਸਾਲ ਪਹਿਲਾਂ ਸਕੂਲ ਆਈ ਸੀ ਪਰ ਉਸ ਦੇ ਬਾਅਦ ਉਸ ਨੇ ਸਕੂਲ ਵੱਲ ਮੂੰਹ ਨਹੀਂ ਕੀਤਾ। ਸਕੂਲ ਦੀ ਇੰਚਾਰਜ ਅਧਿਆਪਕਾ ਪਾਰੁਲਬੇਨ ਨੇ ਦੱਸਿਆ ਕਿ ਭਾਵਨਾ ਪਟੇਲ ਦੀ ਗੈਰ-ਮੌਜੂਦਗੀ ਕਾਰਨ ਬੱਚਿਆਂ ਦੀ ਪੜ੍ਹਾਈ ਪ੍ਰਭਾਵਿਤ ਹੋ ਰਹੀ ਹੈ। ਬੱਚਿਆਂ ਨੇ ਵੀ ਉਸ ਨੂੰ 2 ਸਾਲਾਂ ਤੋਂ ਨਹੀਂ ਦੇਖਿਆ ਹੈ, ਜਦੋਂ ਕਿ ਉਸ ਦਾ ਨਾਂ ਅਜੇ ਵੀ ਸਕੂਲ ਬੋਰਡ 'ਤੇ ਦਰਜ ਹੈ। ਹੁਣ ਸਵਾਲ ਉੱਠ ਰਹੇ ਹਨ ਕਿ ਭਾਵਨਾ ਪਟੇਲ ਦੀ ਨੌਕਰੀ ਕਿਵੇਂ ਜਾਰੀ ਰਹੀ, ਕੀ ਕਦੇ ਸਕੂਲ ਦਾ ਨਿਰੀਖਣ ਨਹੀਂ ਹੋਇਆ ਅਤੇ ਇਸ 'ਤੇ ਕੋਈ ਕਾਰਵਾਈ ਕਿਉਂ ਨਹੀਂ ਕੀਤੀ ਗਈ ? ਰਾਜ ਸਰਕਾਰ ਦੇ ਸਿੱਖਿਆ ਵਿਭਾਗ ਨੇ ਇਸ ਮਾਮਲੇ 'ਤੇ ਅਜੇ ਤੱਕ ਕੋਈ ਪ੍ਰਤੀਕਿਰਿਆ ਨਹੀਂ ਦਿੱਤੀ ਹੈ। ਇਹ ਸਥਿਤੀ ਗੁਜਰਾਤ ਦੀ ਸਿੱਖਿਆ ਪ੍ਰਣਾਲੀ ਦੇ ਕੰਮਕਾਜ 'ਤੇ ਗੰਭੀਰ ਸਵਾਲ ਖੜ੍ਹੇ ਕਰਦੀ ਹੈ। ਸਥਾਨਕ ਅਧਿਕਾਰੀਆਂ ਨੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ ਅਤੇ ਭਵਿੱਖ 'ਚ ਅਜਿਹੀਆਂ ਘਟਨਾਵਾਂ ਨੂੰ ਮੁੜ ਤੋਂ ਰੋਕਣ ਲਈ ਕਦਮ ਚੁੱਕਣ ਦੀ ਗੱਲ ਕਹੀ ਹੈ। ਇਸ ਮਾਮਲੇ ਨੇ ਨਾ ਸਿਰਫ਼ ਸਿੱਖਿਆ ਵਿਭਾਗ ਦੀ ਪ੍ਰਣਾਲੀ ਨੂੰ ਚੁਣੌਤੀ ਦਿੱਤੀ ਹੈ ਸਗੋਂ ਸਰਕਾਰੀ ਸਕੂਲਾਂ 'ਚ ਪਾਰਦਰਸ਼ਤਾ ਅਤੇ ਜਵਾਬਦੇਹੀ ਦੀ ਲੋੜ ਨੂੰ ਵੀ ਉਜਾਗਰ ਕੀਤਾ ਹੈ। ਫਿਲਹਾਲ ਸਿੱਖਿਆ ਵਿਭਾਗ ਨੂੰ ਮਾਮਲੇ ਦੀ ਜਾਂਚ ਕਰਕੇ ਲੋੜੀਂਦੀ ਕਾਰਵਾਈ ਕਰਨੀ ਪਵੇਗੀ ਅਤੇ ਇਹ ਯਕੀਨੀ ਬਣਾਉਣਾ ਹੋਵੇਗਾ ਕਿ ਸਰਕਾਰੀ ਸਕੂਲਾਂ 'ਚ ਅਜਿਹੇ ਮਾਮਲੇ ਮੁੜ ਨਾ ਵਾਪਰਨ।



### ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕੀਤਾ ਸਵਾਗਤ

# ਭਾਰਤ ਦੇ ਚੀਫ ਜਸਟਿਸ ਡੀ ਵਾਈ ਚੰਦਰਚੂੜ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਹੋਏ ਨਤਮਸਤਕ

**ਨਵੀਂ ਦਿੱਲੀ, 10 ਅਗਸਤ (ਮਨਪ੍ਰੀਤ ਸਿੰਘ ਖਾਲਸਾ)**:- ਭਾਰਤ ਦੇ ਚੀਫ ਜਸਟਿਸ ਸ੍ਰੀ ਧਨੰਜਯ ਵਾਈ. ਚੰਦਰਚੂੜ ਨੇ ਅੱਜ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋ ਕੇ ਸ਼ਰਧਾ ਦਾ ਪ੍ਰਗਟਾਵਾ ਕੀਤਾ। ਜਸਟਿਸ ਚੰਦਰਚੂੜ ਨੇ ਆਪਣੀਆਂ ਭਾਰਨਾਵਾਂ ਵਿਅਕਤ ਕਰਦਿਆਂ ਯਾਤਰੀ ਕਿਤਾਬ ਵਿੱਚ ਲਿਖਿਆ ਕਿ ਇਲਾਹੀ

### ਸੋਸ਼ਲ ਮੀਡੀਆ 'ਤੇ ਸਿੱਖਾਂ ਵਿਰੁੱਧ ਨ਼ਫਰਤੀ ਪ੍ਰਾਪੇਗੰਡਾ ਰੋਕਣ ਲਈ ਸੌਂਪਿਆ ਮੰਗ ਪੱਤਰ

ਹਰਿਮੰਦਰ ਸਾਹਿਬ ਵਿਖੇ ਅਰਦਾਸ ਕਰਨ ਦੇ ਸੁਪਨਾ ਸਾਕਾਰ ਹੋਇਆ ਹੈ। ਦੇਸ਼ ਅਤੇ ਮਨੁੱਖਤਾ ਦੀ ਸੇਵਾ ਵਿੱਚ ਇੱਥੇ ਅਰਦਾਸ ਕਰਨ ਦੇ ਯੋਗ ਹੋਣ ਦਾ ਇੱਕ ਵਡਭਾਗਾ ਪਲ ਹੈ।

ਇਸ ਮੌਕੇ ਉਨ੍ਹਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ

ਆਵਾਜ਼ਿ ਕੌਮ AWAZE QAUM International Newspaper & WEB TV

ਸਿੰਘ ਧਾਮੀ ਨੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦਾ ਸੁਨਹਿਰੀ ਮਾਡਲ, ਸਿਰੋਪਾਓ ਅਤੇ ਇਤਿਹਾਸਕ ਪੁਸਤਕਾਂ ਦਾ ਸੈੱਟ ਦੇ ਕੇ ਸਨਮਾਨਿਤ ਕੀਤਾ ਅਤੇ ਸੋਸ਼ਲ ਮੀਡੀਆ ਮੰਚਾਂ ਉੱਤੇ ਸਿੱਖਾਂ ਵਿਰੁੱਧ ਕੀਤੇ ਜਾ ਰਹੇ ਨ਼ਫਰਤੀ ਪ੍ਰਾਪੇਗੰਡਾ ਰੋਕਣ ਲਈ ਮੰਗ ਪੱਤਰ ਸੌਂਪਿਆ। ਐਡਵੋਕੇਟ ਧਾਮੀ ਨੇ ਕਿਹਾ ਕਿ ਸਿੱਖਾਂ ਨੇ ਭਾਰਤ ਦੇਸ਼ ਲਈ ਵੱਡੀਆਂ ਕੁਰਬਾਨੀਆਂ ਕੀਤੀਆਂ ਹਨ, ਪਰੰਤੂ ਕੁਝ ਸ਼ਰਾਰਤੀ ਲੋਕਾਂ ਵੱਲੋਂ ਜਾਣਬੁੱਝ ਕੇ ਸਿੱਖ ਸਿਧਾਂਤਾਂ, ਇਤਿਹਾਸ, ਮਰਯਾਦਾ ਅਤੇ ਪਛਾਣ ਆਦਿ ਨੂੰ ਲੈ ਕੇ ਸੋਸ਼ਲ ਮੀਡੀਆ ਮੰਚਾਂ ਉੱਤੇ ਨ਼ਫਰਤੀ ਟਿੱਪਣੀਆਂ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਇਸ ਸਬੰਧ ਵਿੱਚ ਸ਼੍ਰੋਮਣੀ ਕਮੇਟੀ ਦੇ ਬੀਤੇ ਸਮੇਂ ਵਿੱਚ ਹੋਏ ਜਨਰਲ ਇਜਲਾਸਾਂ ਦੌਰਾਨ ਮਤੇ ਪਾਸ ਕਰਕੇ ਵੀ ਭਾਰਤ ਅਤੇ ਸੂਬਾ ਸਰਕਾਰਾਂ ਨੂੰ ਭੇਜੇ ਗਏ ਹਨ ਪਰ ਸਿੱਖਾਂ ਖਿਲਾਫ ਨ਼ਫਰਤੀ ਵਰਤਾਰਾ ਲਗਾਤਾਰ ਜਾਰੀ ਹੈ। ਸਰਕਾਰਾਂ ਵੀ ਇਸ ਨੂੰ ਲੈ ਕੇ ਕੋਈ ਠੋਸ ਕਦਮ ਨਹੀਂ ਚੁੱਕ ਰਹੀਆਂ। ਐਡਵੋਕੇਟ ਧਾਮੀ ਨੇ ਚੀਫ਼ ਜਸਟਿਸ ਤੋਂ ਮੰਗ ਕੀਤੀ ਕੇ ਉਹ ਭਾਰਤੀ ਨਿਆਂ ਪ੍ਰਣਾਲੀ ਦੇ ਸਭ ਤੋਂ ਸਿਖਰਲੇ ਅਹੁਦੇ 'ਤੇ ਹੁੰਦਿਆਂ ਇਸ



ਸੰਜੀਦਾ ਮਸਲੇ ਦਾ ਨੋਟਿਸ ਲੈਣ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਭਾਈ ਰਜਿੰਦਰ ਸਿੰਘ ਮਹਿਤਾ, ਮੈਂਬਰ ਭਾਈ ਗੁਰਚਰਨ ਸਿੰਘ ਗਰੇਵਾਲ, ਐਡਵੋਕੇਟ ਭਗਵੰਤ ਸਿੰਘ ਸਿਆਲਕਾ, ਸ. ਸੁਰਜੀਤ ਸਿੰਘ ਤੁਗਲਵਾਲਾ, ਸਕੱਤਰ ਸ. ਪ੍ਰਤਾਪ ਸਿੰਘ, ਡਿਪਟੀ ਕਮਿਸ਼ਨਰ ਅੰਮ੍ਰਿਤਸਰ ਸ੍ਰੀ ਘਨਸ਼ਾਮ ਥੋਰੀ, ਪੁਲਿਸ ਕਮਿਸ਼ਨਰ ਸ. ਰਣਜੀਤ ਸਿੰਘ ਢਿੱਲੋਂ, ਮੀਤ ਸਕੱਤਰ ਸ. ਜਸਵਿੰਦਰ ਸਿੰਘ ਜੱਸੀ, ਸ. ਸ਼ਾਹਬਾਜ਼ ਸਿੰਘ, ਸ. ਹਰਭਜਨ ਸਿੰਘ ਵਕਤਾ, ਕਾਨੂੰਨੀ ਸਲਾਹਕਾਰ ਐਡਵੋਕੇਟ ਅਮਨਬੀਰ ਸਿੰਘ ਸਿਆਲੀ, ਮੈਨੇਜਰ ਸ੍ਰੀ ਦਰਬਾਰ ਸਾਹਿਬ ਸ. ਨਰਿੰਦਰ ਸਿੰਘ, ਸੂਚਨਾ ਅਧਿਕਾਰੀ ਸ. ਅੰਮ੍ਰਿਤਪਾਲ ਸਿੰਘ, ਸ. ਜਤਿੰਦਰਪਾਲ ਸਿੰਘ, ਸ. ਸਰਬਜੀਤ ਸਿੰਘ, ਫੈਡਰੇਸ਼ਨ ਆਗੂ ਭਾਈ ਪਰਮਜੀਤ ਸਿੰਘ ਧਰਮ ਸਿੰਘਵਾਲਾ ਆਦਿ ਹਾਜ਼ਰ ਸਨ।

# Nankana Sahib Yatra Committe Uk



# pakistan gurdwara yatra

**6th november to 16th november 2024 yatra includes 25+ gurudwara sahib darshan .Accommodation in hotels and travel within pakistan and yatra start to finish point in AC coaches**

ਪਾਕਿਸਤਾਨ ਵਿਖੇ ਸ੍ਰੀ ਨਨਕਾਣਾ ਸਾਹਿਬ ਤੋਂ ਇਲਾਵਾ 25 ਹੋਰ ਗੁਰਦੁਆਰਾ ਸਾਹਿਬਾਨ ਦੇ ਦਰਸ਼ਨ

**£1095**

Important Note: The Jatha will depart from Jalandhar Punjab from 6th November Jalandhar to 16th November 2024 to visit Gurdwara Sahibs of Pakistan with Nankana Sahib Yatra Committee and will end back at Jalandhar. The cost of traveling from Jalandhar to Jalandhar will be 1095 pounds including visa, transport, hotel stay and break fast.

Note: It does not include flight ticket and insurance, it has to be done by the passenger himself.

ਜ਼ਰੂਰੀ ਨੋਟ : ਨਨਕਾਣਾ ਸਾਹਿਬ ਯਾਤਰਾ ਕਮੇਟੀ ਨਾਲ ਪਾਕਿਸਤਾਨ ਦੇ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕਰਨ ਲਈ ਜਥਾ 6 ਨਵੰਬਰ ਜਲੰਧਰ ਤੋਂ 16 ਨਵੰਬਰ 2024 ਤੱਕ ਜਲੰਧਰ ਪੰਜਾਬ ਤੋਂ ਰਵਾਨਾ ਹੋਵੇਗਾ ਤੇ ਜਲੰਧਰ ਵਾਪਸ ਸਮਾਪਤ ਹੋਵੇਗਾ ।ਜਲੰਧਰ ਤੋਂ ਜਲੰਧਰ ਆਉਣ ਜਾਣ ਦਾ ਖਰਚਾ ਵੀਜ਼ਾ, ਟਰਾਂਸਪੋਰਟ ਤੇ ਹੋਟਲ ਵਿੱਚ ਰਹਿਣ ਅਤੇ ਬਰੇਕ ਫਾਸਟ ਸਮੇਤ 1095 ਪੌਂਡ ਹੋਵੇਗਾ।

ਨੋਟ : ਇਸ ਵਿੱਚ ਜਹਾਜ਼ ਦੀ ਟਿਕਟ ਤੇ ਇੰਸ਼ੋਰੈਂਸ ਨਹੀਂ ਹੈ, ਉਹ ਯਾਤਰੀ ਨੇ ਆਪਣੇ ਆਪ ਕਰਵਾਉਣੀ ਹੈ।


*-- ਗੁਰੂ ਪੰਥ ਦੇ ਸੇਵਾਦਾਰ --*

ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂ ਕੇ/Nankana Sahib Yatra Committee UK

- ਭਾਈ ਰਘਵੀਰ ਸਿੰਘ ਵਾਲਸਾਲ/Bhai Raghbir Singh walsall
  +447976210161
- ਭਾਈ ਬਲਜੀਤ ਸਿਘ ਕੰਗ/Bhai Baljit Singh Kang
  +44 7780 605230
- ਬਾਬਾ ਬਘੇਲ ਸਿੰਘ ਯੂ ਕੇ (ਸਿੱਖ ਪ੍ਰਚਾਰਕ)/ Baba baghail Singh UK (Sikh Parchark)
  +44 7568 517223

## ਮੈਂ ਸਰੀਰਕ ਮੌਤ ਨੂੰ ਮੌਤ ਨਹੀ ਮੰਨਦਾ ਜਮੀਰ ਦਾ ਮਰਜਾਣਾ ਯਕੀਨਨ ਮੌਤ ਹੈ।

ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ




Physical death i do not fear
death of conscience is a sure death
Sant Jarnail Singh Ji Khalsa Bhindranwale
www.damdamitaksal.net




ਵਾਹਿਗੁਰੂ ਜੀ ਕਾ ਖਾਲਸਾ॥ WAHEGURU JI KA KHALSA
ਵਾਹਿਗੁਰੂ ਜੀ ਕੀ ਫਤਹਿ॥ WAHEGURU JI KI FATEH

**ਖੰਡੇ ਬਾਟੇ ਦੀ ਪਾਹੁਲ ਛੱਕ ਕੇ ਗੁਰੂ ਵਾਲੇ ਬਣੋ**
Khande Bate di Pahul Shak Ke Guru Wale Bano

**ਗੁਰਬਾਣੀ ਸੰਥਿਆ ਅਤੇ ਗੁਰਮਤਿ ਸਿੱਖਿਆ ਨਾਲ ਜੁੜੋ**
Join Gurbani Santhia and Gurmat Sikhia

**ਕੀਰਤਨ ਕਥਾ ਕਵੀਸ਼ਰੀ ਅਤੇ ਢਾਡੀ ਵਾਰਾਂ ਸਿੱਖੋ**
Learn Kirtan Katha Kavishri and Dhadi Waran

**ਗੁਰਮੁਖੀ ਪੰਜਾਬੀ ਸਿੱਖੋ**
Learn Gurmukhi Punjabi

**ਗਤਕਾ ਸਿੱਖੋ** Learn Gatka
www.damdamitaksal.net

## ਆਵਾਜ਼ਿ ਕੌਮ

Daily Newspaper from U.K.

Publisher/Chief Editor
**Raghbir Singh Walsal**
E-mail : awazeqaumtv@gmail.com
www.awazeqaumtv.com
for AWAZE QAUM Channel
https://youtu.be/LQwolgxDu7I
Contact :
+447458381111
+447976210161
+919729091243

ਆਵਾਜ਼ਿ ਕੌਮ AWAZE QAUM TV



ਭਾਈ ਰਘਬੀਰ ਸਿੰਘ ਵਾਲਸਾਲ
ਯੂ.ਕੇ. ਮੁੱਖ ਸੰਪਾਦਕ
Raghbir Singh Walsall uk

**ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ**

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ

24 HOURS SERVICE EVERYDAY
PURE AND NATURAL 100% VEGETARIAN
Enjoy Real Taste of PUNJAB
KD
FULLY A.C. HALL
**Khehra VAISHNO DHABA**
BREAKFAST LUNCH DINNER
OUR SPECIALIZATION : Au Important Ingredients used to Prepare Dishes are Grown in our own farmes.

Soup
Burger
Sandwich
Pizza
Grilled Breads
Continental Fast Food
Tandoori Snacks
Tandoori Breads
Biryani Khas
Beverages
Shakes
Desserts
Punjabi Snacks
South Indian
Kathi Roll
Pasta
Chines Food
Raita Salad

V.P.O. Mallian
Jalandhar-Amritsar G.T. Road
NEAR JANDIALA GURU
Contact
98610-00057, 99152-32757



We Accept Online & Card Payment

## ਪੰਜਾਬੀ

**ਸਿੱਖੋ ਬੋਲੋ ਪੜ੍ਹੋ ਲਿਖੋ**

ਮਾਂ ਬੋਲੀ ਪੰਜਾਬੀ ਨੂੰ ਪਿਆਰ ਕਰੋ

| | | | | | |
|---|---|---|---|---|---|
| ੳ | ਅ | ੲ | ਸ | ਹ | |
| ਕ | ਖ | ਗ | ਘ | ਙ | |
| ਚ | ਛ | ਜ | ਝ | ਞ | |
| ਟ | ਠ | ਡ | ਢ | ਣ | |
| ਤ | ਥ | ਦ | ਧ | ਨ | |
| ਪ | ਫ | ਬ | ਭ | ਮ | |
| ਯ | ਰ | ਲ | ਵ | ੜ | |
| ਸ਼ | ਖ਼ | ਗ਼ | ਜ਼ | ਫ਼ | ਲ਼ |

Love Maa Boli Punjabi

ਮੁਕਤਾ, ਾ ਕੰਨਾ, ਿ ਸਿਹਾਰੀ, ੀ ਬਿਹਾਰੀ
ੁ ਔਂਕੜ, ੂ ਦੁਲੈਂਕੜ, ੇ ਲਾਂ, ੈ ਦੁਲਾਵਾਂ
ੋ ਹੋੜਾ, ੌ ਕਨੌੜਾ, ੰ ਟਿੱਪੀ, ਾਂ ਕੰਨਾ-ਬਿੰਦੀ

www.damdamitaksal.net

੧ ੨ ੩ ੪ ੫ ੬ ੭ ੮ ੯ ੧੦

www.damdamitaksal.net
**Learn Speak Read Write PUNJABI**


ਦੇਗ ਤੇਗ ਫ਼ਤਿਹ – ਪੰਥ ਕੀ ਜੀਤ
ਹਮ ਰਾਖਤ ਪਾਤਿਸ਼ਾਹੀ ਦਾਵਾ ॥ ਜਾਂ ਇਤ ਕੋ ਜਾਂ ਅਗਲੋ ਪਾਵਾ ॥
ਸਲਾਨਾ ਜੋੜ ਮੇਲਾ
ਜਥੇਦਾਰ ਬਾਬਾ ਖੜਕ ਸਿੰਘ ਨਿਹੰਗ ਸਿੰਘ ਜੀ
ਧੰਨ–ਧੰਨ ਮਾਤਾ ਸਾਹਿਬ ਕੌਰ ਜੀ
ਗੁਰਮਤਿ ਸਮਾਗਮ
3 ਨਵੰਬਰ 2024 ਦਿਨ ਐਤਵਾਰ ਨੂੰ
ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂ ਵਾਲੇ
ਗੁਰਦੁਆਰਾ ਸ਼ਹੀਦਾਂ, ਜੱਸੋਵਾਲ
(ਬੱਬਰਾਂ ਦਾ ਹਾਈਕੋਰਟ)
ਸੰਤ ਬਾਬਾ ਚਰਨਜੀਤ ਸਿੰਘ ਜੱਸੋਵਾਲ
ਦਮਦਮੀ ਟਕਸਾਲ ਭਿੰਡਰਾਂ ਵਾਲੇ, ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ,
ਪ੍ਰਧਾਨ ਭਾਈ ਲਾਲੋ ਜੀ ਸੰਤ ਸਮਾਜ, ਮੁੱਖ ਬੁਲਾਰਾ ਇੰਟਰਨੈਸ਼ਨਲ ਪੰਥਕ ਦਲ
ਸੰਪਰਕ ਨੰਬਰ
98141-27470


ਸਾਬਤ ਸੂਰਤਿ ਦਸਤਾਰ ਸਿਰਾ
ਦਸਤਾਰਾਂ ਹੀ ਦਸਤਾਰਾਂ
ਰੰਧਾਵਾ ਪਗੜੀ ਸੈਂਟਰ
ਦਸਤਾਰਾਂ ਦੇ ਥਾਨ ਥੋਕ ਦੇ ਭਾਅ ਖ਼ਰੀਦਣ ਲਈ ਸੰਪਰਕ ਕਰੋ।
✚ ਦੁਨੀਆਂ ਦੇ ਕਿਸੇ ਵੀ ਕੋਨੇ 'ਚ ਦਸਤਾਰਾਂ ਮੰਗਵਾਉਣ ਲਈ ਸੰਪਰਕ ਕੀਤਾ ਜਾ ਸਕਦਾ ਹੈ।
ਇੱਥੇ ਹਰ ਤਰ੍ਹਾਂ ਦੀਆਂ ਪੱਗਾਂ ਅਤੇ ਸੁੰਦਰ ਰੁਮਾਲਾ ਸਾਹਿਬ ਮਿਲਦੇ ਹਨ।
ਰੈਣਕ ਬਾਜ਼ਾਰ, ਜਲੰਧਰ (ਪੰਜਾਬ)
ਸੰਪਰਕ ਨੰ. :
+91 98882-22446


ASA Gas Heating Solution Ltd.
Boilers
Certificates
Gas Work
Cylinders
Maintenance Services
Gas Safety Inspections
Plumbing Work
Vaillant APPROVED INSTALLER
WORCESTER Bosch Group
ਏ.ਐਸ.ਏ. ਗੈਸ ਹੀਟਿੰਗ ਸਲੂਸ਼ਨ ਲਿਮਟਿਡ ਕੰਪਨੀ ਦੇ ਮਾਲਕ ਜਾਣੇ ਪਹਿਚਾਣੇ ਗੋਲਡ ਮੈਡਲਿਸਟ ਢਾਡੀ ਜੱਥਾ ASA ਦੇ ਨੌਜਵਾਨਾਂ ਨੇ ਸ਼ੁਰੂ ਕੀਤੀ ਹੈ। ਜਿਹੜੇ ਗੈਸ ਅਤੇ ਬਿਜਲੀ ਦਾ ਕੰਮ ਬਹੁਤ ਹੀ ਤਸੱਲੀਬਖ਼ਸ਼ ਅਤੇ ਸਸਤੇ ਰੇਟਾਂ ਤੇ ਕਰਦੇ ਹਨ। ਨੌਜਵਾਨ ਬੱਚਿਆਂ ਨੇ ਨਵਾਂ ਨਵਾਂ ਆਪਣਾ ਕੰਮ ਸ਼ੁਰੂ ਕੀਤਾ ਹੈ। ਸੋ ਇਹਨਾਂ ਬੱਚਿਆਂ ਦਾ ਵੱਧ ਤੋਂ ਵੱਧ ਸਹਿਯੋਗ ਦੇਣ ਦੀ ਅਪੀਲ ਕੀਤੀ ਜਾਂਦੀ ਹੈ
Mr. Simran Singh : 0749 534 2620
asagasheatingsolutions@gmail.com
Call us now for a Free no-olbigation quote

ਸ੍ਰੀ ਵਾਹਿਗੁਰੂ ਜੀ ਕੀ ਫਤਿਹ

ਚਰਨ ਸ਼ਰਨ ਗੁਰ ਏਕ ਪੈਂਡਾ ਜਾਇ ਚਲ ਸਤਿਗੁਰੁ ਕੋਟਿ ਪੈਂਡਾ ਆਗੇ ਹੋਏ ਲੇਤ ਹੈ॥

ਮਨੁੱਖਤਾ ਦੇ ਰਹਿਬਰ ਤਾਰਨਹਾਰ ਜਗਤ ਗੁਰੂ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ

# ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂ. ਕੇ.

## ਵੱਲੋਂ ਪਾਕਿਸਤਾਨ ਦੇ ਇਤਿਹਾਸਕ ਸਿੱਖ ਗੁਰਦੁਆਰਾ ਸਾਹਿਬਾਨ ਦੀ ਯਾਤਰਾ

## 6 ਨਵੰਬਰ 2024 ਤੋਂ 16 ਨਵੰਬਰ 2024 ਤੱਕ ਹੋਵੇਗੀ



### ਗੁਰੂ ਪਿਆਰੀ ਸਾਧ ਸੰਗਤ ਜੀਓ, ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ

ਆਪ ਜੀ ਨੂੰ ਇਹ ਜਾਣ ਕੇ ਅਤਿਅੰਤ ਖੁਸ਼ੀ ਹੋਵੇਗੀ ਕਿ ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂਕੇ ਵੱਲੋਂ ਇੱਕ ਵਿਸ਼ਾਲ ਜਥੇ ਸਮੇਤ ਪਾਕਿਸਤਾਨ ਵਿਖੇ ਸਿੱਖ ਇਤਿਹਾਸਕ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕੀਤੀ ਜਾ ਰਹੀ ਹੈ। ਹਰ ਸਿੱਖ ਆਪਣੀ ਅਰਦਾਸ ਵਿੱਚ ਪੰਥ ਤੋਂ ਵਿਛੜੇ ਹੋਏ ਜਿਨ੍ਹਾਂ ਗੁਰਦੁਆਰਾ ਸਾਹਿਬਾਨ ਦਾ ਜ਼ਿਕਰ ਕਰਦਾ ਹੈ ਉਹਨਾਂ ਦੇ ਦਰਸ਼ਨ ਦੀਦਾਰੇ ਕਰਕੇ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਦਾ ਸੁਨਹਿਰੀ ਮੌਕਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਨਨਕਾਣਾ ਸਾਹਿਬ ਦੀ ਧਰਤੀ ਤੇ ਮਨਾਉਣ ਦੀਆਂ ਤਿਆਰੀਆਂ ਹੁਣ ਤੋਂ ਹੀ ਆਰੰਭ ਕਰਕੇ ਪਰਿਵਾਰਾਂ ਸਮੇਤ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕਰਾਉਣ ਲਈ ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂਕੇ ਨਾਲ ਸੰਪਰਕ ਕਰੋ ਜੀ।

ਪਾਕਿਸਤਾਨ ਵਿਖੇ ਸ੍ਰੀ ਨਨਕਾਣਾ ਸਾਹਿਬ ਤੋਂ ਇਲਾਵਾ 25 ਹੋਰ ਗੁਰਦੁਆਰਾ ਸਾਹਿਬਾਨ ਦੇ ਦਰਸ਼ਨ

**£1095**

Important Note: The Jatha will depart from Jalandhar Punjab from 6th November Jalandhar to 16th November 2024 to visit Gurdwara Sahibs of Pakistan with Nankana Sahib Yatra Committee and will end back at Jalandhar. The cost of traveling from Jalandhar to Jalandhar will be 1095 pounds including visa, transport, hotel stay and break fast.

**Note: It does not include flight ticket and insurance, it has to be done by the passenger himself.**

ਜਰੂਰੀ ਨੋਟ : ਨਨਕਾਣਾ ਸਾਹਿਬ ਯਾਤਰਾ ਕਮੇਟੀ ਨਾਲ ਪਾਕਿਸਤਾਨ ਦੇ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕਰਨ ਲਈ ਜਥਾ 6 ਨਵੰਬਰ ਜਲੰਧਰ ਤੋਂ 16 ਨਵੰਬਰ 2024 ਤੱਕ ਜਲੰਧਰ ਪੰਜਾਬ ਤੋਂ ਰਵਾਨਾ ਹੋਵੇਗਾ ਤੇ ਜਲੰਧਰ ਵਾਪਸ ਸਮਾਪਤ ਹੋਵੇਗਾ ।ਜਲੰਧਰ ਤੋਂ ਜਲੰਧਰ ਆਉਣ ਜਾਣ ਦਾ ਖਰਚਾ ਵੀਜ਼ਾ, ਟਰਾਂਸਪੋਰਟ ਤੇ ਹੋਟਲ ਵਿੱਚ ਰਹਿਣ ਅਤੇ ਬਰੇਕ ਫਾਸਟ ਸਮੇਤ 1095 ਪੌਂਡ ਹੋਵੇਗਾ।

**ਨੋਟ : ਇਸ ਵਿੱਚ ਜਹਾਜ਼ ਦੀ ਟਿਕਟ ਤੇ ਇੰਸ਼ੋਰੈਂਸ ਨਹੀਂ ਹੈ, ਉਹ ਯਾਤਰੀ ਨੇ ਆਪਣੇ ਆਪ ਕਰਵਾਉਣੀ ਹੈ।**

## ਯਾਤਰਾ ਦੌਰਾਨ ਰਿਹਾਇਸ਼ ਦਾ ਪ੍ਰਬੰਧ ਹੋਟਲ ਵਿੱਚ ਹੋਵੇਗਾ।

ਬ੍ਰਿਟਿਸ਼ ਪਾਸਪੋਰਟ ਲਈ 2 ਫੋਟੋ ਅਤੇ ਇੰਡੀਅਨ ਪਾਸਪੋਰਟ ਵਾਲੇ 2 ਫੋਟੋ, ਐਪਲੀਕੇਸ਼ਨ ਫਾਰਮ ਨਾਲ ਭੇਜੀਆਂ ਜਾਣ।

☛ ਯਾਤਰੀ ਆਪਣੇ ਨਾਮ ਛੇਤੀ ਤੋਂ ਛੇਤੀ ਦਿੱਤੇ ਗਏ ਨੰਬਰਾਂ 'ਤੇ ਨਾਮ ਲਿਖਵਾਉਣ ਦੀ ਕ੍ਰਿਪਾਲਤਾ ਕਰਨ।

☛ ਯਾਤਰੀਆਂ ਦੇ ਪਾਸਪੋਰਟ ਦੀ ਮਿਆਦ ਅਗਲੇ ਸਾਲ ਜੂਨ ਮਹੀਨੇ ਤੱਕ ਜ਼ਰੂਰੀ ਹੈ।

**ਪ੍ਰੋਗਰਾਮ ਵਿੱਚ ਅਦਲਾ-ਬਦਲੀ ਕਰਨ ਦੇ ਪ੍ਰਬੰਧਕਾਂ ਦੇ ਹੱਕ ਰਾਖਵੇਂ ਹਨ।**

**BOOK YOUR SEATS NOW**

✶-- ਗੁਰੂ ਪੰਥ ਦੇ ਸੇਵਾਦਾਰ --✶

ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂ ਕੇ/Nankana Sahib Yatra Committee UK

• ਭਾਈ ਰਘਵੀਰ ਸਿੰਘ ਵਾਲਸਾਲ/Bhai Raghbir Singh walsall
+447976210161

• ਭਾਈ ਬਲਜੀਤ ਸਿਘ ਕੰਗ/Bhai Baljit Singh Kang
+44 7780 605230

• ਬਾਬਾ ਬਘੇਲ ਸਿੰਘ ਯੂ ਕੇ (ਸਿੱਖ ਪ੍ਰਚਾਰਕ)/ Baba baghail Singh UK (Sikh Parchark)
+44 7568 517223

Website : www.nsycuk.com
E-mail : gnstuk@hotmail.com

ਆਵਾਜ਼ਿ ਕੌਮ AWAZE QAUM International Newspaper & WEB TV


HAYES PLANT HIRE
WE TRAIN YOU GAIN
NPORS ACCREDITED
Telescopic Handler
Excavator 360
Road Roller
Forward Tipping Dumper
Tractor
Dozer
Plant Training and Testing on All CATEGORIES OF MACHINERY.
Dump Truck
HAYES PLANT HIRE
ਉਪਰੋਕਤ ਮਸ਼ੀਨਾਂ ਦੇ ਲਾਇਸੈਂਸ ਪ੍ਰਾਪਤ ਕਰਨ ਲਈ ਸੰਪਰਕ ਕਰੋ
NROPS Accredited
ਉਪਰੋਕਤ ਹਰ ਤਰ੍ਹਾਂ ਦੀ ਮਸ਼ੀਨਰੀ ਦੀ
ਟਰੇਨਿੰਗ ਅਤੇ ਟੈਸਟਿੰਗ ਦੀ ਸਿਖਲਾਈ ਦਿੱਤੀ ਜਾਂਦੀ ਹੈ।
CONTACT- 07831543004
Hollis Farm, Clay Cross Chesterfield. S45 9BA
01246864370
ਆਵਾਜ਼ਿ ਕੌਮ AWAZE QAUM
International Newspaper & WEB TV
CALL US TO BOOK YOUR CSCS LEVEL ONE COURSE.
07151-28621





KHALSA FORGE

Explore a stunning collection of high-quality Damascus and Sarbloh Kirpans, meticulously crafted for excellence.
www.khalsaforge.com

# ਖਾਲਸਾ ਫੋਰਜ

☛ ਉੱਚ ਕੁਆਲਿਟੀ ਦੀਆਂ ਸਰਬਲੋਹ ਕਿਰਪਾਨਾਂ ਅਤੇ ਗਾਤਰਾ ਸਾਹਿਬ ਖ਼ਰੀਦਣ ਲਈ ਸੰਪਰਕ ਕਰੋ।

☛ ਆਨਲਾਈਨ ਆਰਡਰ ਵੀ ਬੁੱਕ ਕੀਤੇ ਜਾਂਦੇ ਹਨ।






**www.khalsaforge.com**


ਬੰਦੀ ਸਿੰਘਾਂ 'ਅਤੇ ਭਾਈ ਅੰਮ੍ਰਿਤਪਾਲ ਸਿੰਘ ਖ਼ਾਲਸਾ ਦੀ ਰਿਹਾਈ ਦੇ ਲਈ ਰੱਖੀ ਗਈ ਪੰਥਕ ਇਕੱਤਰਤਾ ਵਿੱਚ ਜ਼ਰੂਰ ਪਹੁੰਚੋ ਜੀ!
ਰੱਖੜ ਪੁੰਨਿਆ ਦੇ ਦਿਹਾੜੇ ਤੇ
ਬਾਬਾ ਬਕਾਲਾ ਸਾਹਿਬ ਜੀ ਵਿਖੇ
ਪੰਥਕ ਇਕੱਤਰਤਾ
19 ਅਗਸਤ 2024
ਸਮਾਂ ਸਵੇਰੇ 11ਵਜੇ ਤੋਂ
ਦੁਪਿਹਰੇ 3ਵਜੇ ਤੱਕ
ਆਵਾਜ਼ਿ ਕੌਮ
AWAZE QAUM
International Newspaper & WEB TV


ਦਮਦਮੀ ਟਕਸਾਲ ਵੱਲੋਂ
ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ਼ੁੱਧ ਪਾਠ ਬੋਧ ਸਮਾਗਮ
ਆਰੰਭ 20 ਜੁਲਾਈ 2024 ਤੋ 18 ਅਗਸਤ 2024 ਤੱਕ
Monday - Friday
6PM - 9PM
Saturday - Sunday
3PM - 5PM
6PM - 9PM
Bhog Shri Sehaj Path
Sunday 18th August 2024
Kirtan - Katha Darbar


SANT BEANT SINGH JI
BER KALAN WALE | UK TOUR 2024
FRI 26TH JULY - SUN 28TH JULY: SOUTHAMPTON
MON 29TH JULY - SUN 4TH AUGUST: SOUTHALL
MON 5TH AUGUST - SAT 10TH AUGUST: 7:00-8:00PM
GURU NANAK GURDWARA, LEICESTER, LE1 4LJ
SUN 11TH AUGUST: 1:00-2:00PM
GURU NANAK GURDWARA, LEICESTER, LE1 4LJ
WED 14TH AUGUST - 7:30-8:10PM:
GURU HAR RAI SAHIB GURDWARA, WEST BROMWICH, B70 6JW
SUN 18TH AUGUST - 2:00-3:00 PM:
GURU HAR RAI GURDWARA, WEST BROMWICH, B70 6JW
MON 19TH AUGUST - SUN 25TH AUGUST: 7:00-7:30AM &
6:45-7:30PM
SEDLEY STREET, WOLVERHAMPTON, WV2 3AJ
MON 26TH AUGUST - SUN 1ST SEPTEMBER: 7:30-8:15AM,
10:00-11:00AM & 7:15-8:00PM
BABA SANG GURDWARA, SMETHWICK, B66 1EE
SANT BEANT SINGH | WHATSAPP: +918530000006


ੴ ਸਤਿਗੁਰ ਪ੍ਰਸਾਦਿ॥
ਸੂਰਾ ਸੋ ਪਹਿਚਾਨੀਐ, ਜੋ ਲਰੈ ਦੀਨ ਕੇ ਹੇਤ॥
ਪੁਰਜਾ ਪੁਰਜਾ ਕਟਿ ਮਰੈ, ਕਬਹੂੰ ਨਾ ਛਾਡੈ ਖੇਤ॥
ਸ਼ਹੀਦ ਭਾਈ ਸਤਨਾਮ ਸਿੰਘ ਸੱਤਾ (KCF)
36ਵਾਂ ਸ਼ਹੀਦੀ ਸਮਾਗਮ
ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਸ਼ਹੀਦ ਭਾਈ ਸਤਨਾਮ ਸਿੰਘ ਸੱਤਾ (KCF) ਜੀ
ਜੋ ਕਿ ਮਿਤੀ 09-08-1988 ਨੂੰ ਸ਼ਹੀਦੀ ਪਾ ਗਏ ਸਨ। ਉਨ੍ਹਾਂ ਦੇ 36ਵੇਂ ਸ਼ਹੀਦੀ ਸਮਾਗਮ ਦੇ ਸਬੰਧ ਵਿੱਚ
ਸ਼੍ਰੀ ਸੁਖਮਨੀ ਸਾਹਿਬ ਜੀ ਦਾ ਭੋਗ
ਮਿਤੀ 11-08-2024 ਦਿਨ ਐਤਵਾਰ ਨੂੰ
ਗੁਰਦੁਆਰਾ ਸਾਹਿਬ ਪਿੰਡ ਭੈਣੀ ਸਾਲੂ, ਜ਼ਿਲ੍ਹਾਂ ਲੁਧਿਆਣਾ ਜੀ
ਵਿੱਚ ਹੋਵੇਗਾ
ਕੀਰਤਨ ਸਵੇਰੇ 11:00 ਤੋਂ 12:30 ਤੱਕ ਸਾਡੇ ਗ੍ਰਹਿ ਪਿੰਡ ਭੈਣੀ ਸਾਲੂ, ਜ਼ਿਲ੍ਹਾ ਲੁਧਿਆਣਾ ਵਿਖੇ ਪਵੇਗਾ।
ਆਪ ਜੀ ਨੇ ਪਰਿਵਾਰ ਸਮੇਤ ਦਰਸ਼ਨ ਦੇਣ ਦੀ ਕ੍ਰਿਪਾਲਤਾ ਕਰਨੀ ਜੀ
ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤੇਗਾ।
ਬੇਨਤੀ ਕਰਤਾ
ਸਮੂਹ ਪਰਿਵਾਰ ਸੁਖਵੰਤ ਸਿੰਘ ਖਾਲਸਾ ਸਪੁੱਤਰ
ਭਾਈ ਸਤਨਾਮ ਸਿੰਘ ਸੱਤਾ ਜੀ (ਮੋ: 98152-97939)
ਆਵਾਜ਼ਿ ਕੌਮ
AWAZE QAUM
International Newspaper & WEB TV
--✶ ਜਾਰੀ ਕਰਤਾ ✶--
ਜੱਥੇਦਾਰ ਸੁਰਿੰਦਰ ਸਿੰਘ ਠੀਕਰੀਵਾਲ
ਮੁਖ ਸੇਵਾਦਾਰ ਜੱਥਾ ਠੀਕਰੀਵਾਲ



With the blessings of Dhan Dhan Satguru Sahib Sri Guru Granth Sahib Ji
Mahaan Barsi Smagam
&
REMEMBERING THE SHAHEEDS OF 1984
SRI HAZOOR SANT BABA ISHER SINGH JI MAHARAJ
Rara Sahib
SRI MAAN SANT GIANI KARTAR SINGH JI KHALSA
Bhindranwale
Under the Guidance of: Sri Maan Sant Baba Bhagwan Singh Ji Maharaj (Rara Sahib Begowal)
4 DAY MAHAAN OPEN AIR
GURMAT SMAGAM
BANK HOLIDAY WEEKEND
23RD - 26TH AUGUST 2024
Sri Maan Sant Baba Bhagwan Singh Ji Maharaj (Rara Sahib Begowal)
Sri Maan Sant Giani Jarnail Singh Ji Khalsa Bhindranwale (Maujuda Mukhi Damdami Taksal)
SAT 24TH AUG 2024
REHNSBHAI KIRTAN DARBAR
SUN 25TH AUG 2024
SRI DASAM GRANTH SEHAJ PAATH BHOG
MON 26TH AUG 2024
SRI GURU GRANTH SAHIB JI SEHAJ PAATH BHOG
AMRIT SANCHAAR - SUNDAY 25TH AUGUST 2024 - 12PM (HALL 2)
GEORGE ST, WEST BROMWICH, BIRMINGHAM, B70 6NH
(NEXT TO GURU HAR RAI SAHIB GURDWARA)
FOR FURTHER INFORMATION, SEVA AND STALL BOOKINGS PLEASE CONTACT
07977 001313 | 07913 951860 | 07956 007161 | 07590 626176 | 07985 246484
ਆਵਾਜ਼ਿ ਕੌਮ AWAZE QAUM
International Newspaper & WEB TV




ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਪਾਰ ਕਿਰਪਾ ਸਦਕਾ
ਮਹਾਨ ਬਰਸੀ ਸਮਾਗਮ
ਅਤੇ ਜੂਨ 1984 ਦੇ ਘੱਲੂਘਾਰੇ ਦੇ ਸ਼ਹੀਦਾਂ ਦੀ ਯਾਦ
ਸ੍ਰੀ ਹਜ਼ੂਰ ਸੰਤ ਬਾਬਾ ਈਸ਼ਰ ਸਿੰਘ ਜੀ ਮਹਾਰਾਜ
ਸ੍ਰੀ ਮਾਨ ਸੰਤ ਗਿਆਨੀ ਕਰਤਾਰ ਸਿੰਘ ਜੀ ਖਾਲਸਾ
ਸ੍ਰੀ ਮਾਨ ਸੰਤ ਬਾਬਾ ਭਗਵਾਨ ਸਿੰਘ ਜੀ ਮਹਾਰਾਜ (ਰਾੜਾ ਸਾਹਿਬ ਬੇਗੋਵਾਲ) ਵਾਲਿਆਂ ਦੀ ਰਹਿਨੁਮਾਈ ਹੇਠ
4 ਰੋਜ਼ਾ
ਮਹਾਨ ਗੁਰਮਤਿ ਸਮਾਗਮ
ਬੈਂਕ ਹੋਲੀਡੇਅ ਵੀਕਐਂਡ
23 ਤੋਂ 26 ਅਗਸਤ 2024
ਸ੍ਰੀ ਮਾਨ ਸੰਤ ਬਾਬਾ ਭਗਵਾਨ ਸਿੰਘ ਜੀ ਮਹਾਰਾਜ (ਰਾੜਾ ਸਾਹਿਬ ਬੇਗੋਵਾਲ)
ਸ੍ਰੀ ਮਾਨ ਸੰਤ ਗਿਆਨੀ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ (ਮੌਜੂਦਾ ਮੁਖੀ ਦਮਦਮੀ ਟਕਸਾਲ)
ਸ਼ਨੀਵਾਰ 24 ਅਗਸਤ 2024
ਰੈਣਸਬਾਈ ਕੀਰਤਨ ਦਰਬਾਰ
ਐਤਵਾਰ 25 ਅਗਸਤ 2024
ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੇ ਸਹਿਜ ਪਾਠ ਭੋਗ
ਸੋਮਵਾਰ 26 ਅਗਸਤ 2024
ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਹਿਜ ਪਾਠ ਭੋਗ
ਅੰਮ੍ਰਿਤ ਸੰਚਾਰ - ਐਤਵਾਰ 25 ਅਗਸਤ 2024 - ਦੁਪਹਿਰੇ 12 ਵਜੇ (ਹਾਲ 2)
ਜੋਰਜ ਸਟ੍ਰੀਟ, ਵੈਸਟ ਬਰੌਮਵਿਚ, ਬਰਮਿੰਘਮ, B70 6NH
(ਗੁਰੂ ਹਰਿ ਰਾਇ ਸਾਹਿਬ ਗੁਰਦੁਆਰਾ ਦੇ ਪਾਸ)
ਆਵਾਜ਼ਿ ਕੌਮ AWAZE QAUM International Newspaper & WEB TV
ਵਧੇਰੇ ਜਾਣਕਾਰੀ, ਸੇਵਾ ਜਾਂ ਸਟਾਲ ਬੁਕਿੰਗ ਲਈ ਹੇਠ ਦਿੱਤੇ ਨੰਬਰਾਂ ਤੇ ਸੰਪਰਕ ਕਰੋ
07977 001313 | 07913 951860 | 07956 007161 | 07590 626176 | 07985 246484

ਘੜੀਐ ਸਬਦੁ ਸਚੀ ਟਕਸਾਲ ॥

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਿਹ॥

# ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ ਵਿਖੇ

## Gurdwara Sahib Shaeed Baba Deep Singh ji Casalmorano Cremona (Italy)



# ਮਹਾਨ ਗੁਰਮਤਿ ਦਿਹਾੜੇ

## ਸੰਪੂਰਨਤਾ ਦਿਵਸ ਅਤੇ ਸਥਾਪਨਾ ਦਿਵਸ

☛ ਸੰਪੂਰਨਤਾ ਦਿਵਸ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਸਾਹਿਬ ਜੀ ☛ ਸਥਾਪਨਾ ਦਿਵਸ ਦਮਦਮੀ ਟਕਸਾਲ ਨੂੰ ਸਮਰਪਿਤ ਗੁਰਮਤਿ ਸਮਾਗਮ ਕਰਵਾਏ ਜਾ ਰਹੇ ਹਨ।



ਗਿਆਨੀ ਰੂਪ ਸਿੰਘ ਦਮਦਮੀ ਟਕਸਾਲ ਵਾਲੇ

☛ ਸ਼ਨਿੱਚਰਵਾਰ 10 ਅਗਸਤ ਸ਼ਾਮ 5 ਤੋਂ 8 ਵਜੇ ਤੱਕ ਦੀਵਾਨ ਸਜਣਗੇ।

☛ ਐਤਵਾਰ 11 ਅਗਸਤ 2024 ਨੂੰ 6:30 ਵਜੇ ਸਵੇਰੇ ਚੌਪੈਹਿਰੇ ਦੇ ਪਾਠਾਂ ਦੀ ਆਰੰਭਤਾ ਹੋਵੇਗੀ ਸਮੇਤ ਸੁਖਮਨੀ ਸਾਹਿਬ ਦੇ 9: 30 ਵਜੇ ਭੋਗ ਪੈਣਗੇ ਉਪਰੰਤ 12:30 ਵਜੇ ਤੱਕ ਦੀਵਾਨ ਸਜਣਗੇ।

ਕਥਾ ਵਾਚਕ ਗਿਆਨੀ ਰੂਪ ਸਿੰਘ ਜੀ ਦਮਦਮੀ ਟਕਸਾਲ ਵਾਲੇ ਕਥਾ ਰਾਹੀਂ ਗੁਰਬਾਣੀ ਕਥਾ ਗੁਰ ਇਤਿਹਾਸ ਅਤੇ ਸਿੱਖ ਇਤਿਹਾਸ ਨਾਲ ਸੰਗਤਾਂ ਨੂੰ ਜੋੜਨਾ ਕਰਨਗੇ।

ਪ੍ਰਬੰਧਕ ਸੇਵਾਦਾਰਾਂ ਅਤੇ ਇੰਟਰਨੈਸ਼ਨਲ ਪੰਥਕ ਦਲ ਦੇ ਸਿੰਘਾਂ ਅਤੇ ਇਲਾਕਾ ਨਿਵਾਸੀ ਸਮੂਹ ਸਾਧ ਸੰਗਤਾਂ ਵੱਲੋਂ ਸੇਵਾ ਨਿਭਾਈ ਜਾਂਦੀ ਹੈ।

☛ ਛਬੀਲ ਵੀ ਲੱਗੇਗੀ
☛ ਗੁਰੂ ਕਾ ਲੰਗਰ ਅਤੁੱਟ ਵਰਤੇਗਾ

ਜ਼ਰੂਰੀ ਬੇਨਤੀ : ਗੱਤਕੇ ਦੀ ਸਿਖਲਾਈ ਹਰ ਐਤਵਾਰ 11:00 ਤੋਂ 1 : 00 ਵਜੇ ਤੱਕ ਦਿੱਤੀ ਜਾਂਦੀ ਹੈ।

★ ਗੁਰੂ ਪੰਥ ਦੇ ਦਾਸਰੇ ★

ਸਾਧ ਸੰਗਤ, ਪ੍ਰਬੰਧਕ ਕਮੇਟੀ
ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:-
ਭਾਈ ਪ੍ਰਗਟ ਸਿੰਘ (ਪ੍ਰਧਾਨ) 00393208124778
ਭਾਈ ਬਲਰਾਮ ਸਿੰਘ +393885751594
ਭਾਈ ਪ੍ਰਭਜੀਤ ਸਿੰਘ ਆਜਾਨੇਲੋ +393881079260

☛ ਸ਼ੇਅਰ ਜ਼ਰੂਰੀ ਕਰਨਾ ਜੀ ☛ ਸਿੱਖ ਸੰਗਤਾਂ ਦੇ ਚਰਨਾਂ ਵਿੱਚ ਬੇਨਤੀ ਹੈ । ☛ ਆਪਣਾ ਕੀਮਤੀ ਸਮਾਂ ਕੱਢਕੇ ਸਮਾਗਮਾ ਵਿਚ ਪੁਹੁੰਚਣ ਦੀ ਕ੍ਰਿਪਾਲਤਾ ਕਰੋ ਜੀ।

Gurdwara Sahib Shaeed Baba Deep Singh ji Damdami Taksaal
Via Giacomo Matteotti 3Cap
26020Casalmorano Cremona (IT)
E-mail : gur.damdamitaksaalitaly@gmail.com
Call+393475711755 / 3208124778

ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਧਰਮ ਪ੍ਰਚਾਰ ਵਿੰਗ ਵੱਲੋਂ

ਵਿਸ਼ੇਸ਼ ਉਪਰਾਲਾ

ਮਾਤਾ ਗੁਜਰ ਕੌਰ ਜੀ ਵਿੱਦਿਅਕ ਭਲਾਈ ਸਕੀਮ ਤਹਿਤ

ਅੰਮ੍ਰਿਤਧਾਰੀ ਮਾਂ ਬਾਪ ਦੇ ਅੰਮ੍ਰਿਤਧਾਰੀ ਬੱਚਿਆਂ ਨੂੰ ਆਪਣੇ ਵਿੱਦਿਅਕ ਅਦਾਰਿਆਂ ਵਿੱਚ ਪੜ੍ਹਾਈ ਮੁਫਤ ਅਤੇ ਆਪਣੇ ਕਾਲਜਾਂ ਵਿੱਚ ਦਿੱਤੇ ਜਾਣਗੇ ਵਿਸ਼ੇਸ਼ ਵਜੀਫ਼ੇ

ਵਿੱਦਿਆ ਅਤੇ ਖੇਡਾਂ ਦੇ ਖੇਤਰ ਵਿੱਚ ਮੱਲਾਂ ਮਾਰਨ ਵਾਲੇ ਵਿਦਿਆਰਥੀਆਂ ਨੂੰ ਵਿਸ਼ੇਸ਼ ਇਨਾਮ ਦਿੱਤੇ ਜਾਣਗੇ।

ਆਪਣੇ ਬੱਚਿਆਂ ਨੂੰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵਿੱਦਿਅਕ ਅਦਾਰਿਆਂ ਵਿੱਚ ਦਾਖਲ ਕਰਵਾਓ ਜੀ।



ਜਥੇਦਾਰ ਭੁਪਿੰਦਰ ਸਿੰਘ ਅਸੰਧ
ਪ੍ਰਧਾਨ HSGMC

- ਗੁਰੂ ਤੇਗ ਬਹਾਦਰ ਖਾਲਸਾ ਪਬਲਿਕ ਸਕੂਲ, ਕੈਂਥਲ
- ਦਸ਼ਮੇਸ਼ ਸੀਨੀਅਰ ਸੈਕੰਡਰੀ ਸਕੂਲ, ਕਪਾਲਮੋਚਨ, ਯਮੁਨਾਨਗਰ
- ਸੰਤ ਮੋਹਨ ਸਿੰਘ ਮਤਵਾਲਾ ਪਬਲਿਕ ਸਕੂਲ, ਤਿਲੋਕੇਵਾਲਾ, ਸਿਰਸਾ
- ਮਾਤਾ ਸੁੰਦਰੀ ਖਾਲਸਾ ਗਰਲਜ ਕਾਲਜ, ਨਿਸਿੰਗ, ਕਰਨਾਲ
- ਸ਼੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਖਾਲਸਾ ਕਾਲਜ, ਪੰਜੋਖਰਾ ਸਾਹਿਬ, ਅੰਬਾਲਾ

ਸਕੱਤਰ ਧਰਮ ਪ੍ਰਚਾਰ, ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ



ਜਥੇਦਾਰ ਬਲਜੀਤ ਸਿੰਘ ਦਾਦੂਵਾਲ
ਚੇਅਰਮੈਨ ਧਰਮ ਪ੍ਰਚਾਰ HSGMC

# ਤੀਆਂ ਦਾ ਤਿਉਹਾਰ ਪਹਿਲਾਂ ਵਾਲਾ ਨਹੀਂ ਰਿਹਾ

**ਸਾਉਣ** ਦੇ ਮਹੀਨੇ ਵਿੱਚ ਤੀਆਂ ਦਾ ਤਿਉਹਾਰ ਬਹੁਤ ਪ੍ਰਸਿੱਧ ਹੈ। ਇਹ ਮਹੀਨਾ ਮੁਟਿਆਰਾਂ 'ਤੀਆਂ ਦੇ ਤਿਉਹਾਰ' ਵਜੋਂ ਮਨਾਉਂਦੀਆਂ ਹਨ। ਇਸ ਤਿਉਹਾਰ ਦਾ ਆਰੰਭ ਸਾਉਣ ਮਹੀਨੇ ਦੀ ਮੱਸਿਆ ਤੋਂ ਬਾਅਦ ਤੀਜ ਤੋਂ ਹੁੰਦਾ ਹੈ ਤੇ ਪੁੰਨਿਆ (ਰੱਖੜੀ) ਤੱਕ ਚੱਲਦਾ ਹੈ। ਤੀਆਂ ਤੋਂ ਕੁਝ ਦਿਨ ਪਹਿਲਾਂ ਨਵੀਆਂ ਵਿਆਹੀਆਂ ਕੁੜੀਆਂ ਨੂੰ ਉਹਨਾਂ ਦੇ ਵੀਰ ਸਹੁਰੇ ਘਰ ਤੋਂ ਲੈ ਕੇ ਆਉਂਦੇ ਹਨ। ਜੇਕਰ ਕਿਸੇ ਬਦਨਸੀਬ ਭੈਣ ਦਾ ਵੀਰ ਕਿਸੇ ਕਾਰਨ ਤੀਆਂ 'ਤੇ ਆਪਣੀ ਭੈਣ ਨੂੰ ਲੈਣ ਨਹੀਂ ਆਉਂਦਾ ਤਾਂ ਉਸ ਨੂੰ ਆਪਣੀ ਸੱਸ ਦੇ ਤਾਹਨੇ-ਮਿਹਣੇ ਸੁਣਨੇ ਪੈਂਦੇ ਹਨ।

**ਤੈਨੂੰ ਤੀਆਂ ਤੇ ਲੈਣ ਨਾ ਆਏ,**
**ਨੀ ਬਹੁਤਿਆਂ ਭਰਾਵਾਂ ਵਾਲੀਏ।**

ਜਿਹੜੀਆਂ ਕੁੜੀਆਂ (ਮੁਟਿਆਰਾਂ) ਸਹੁਰੇ ਘਰ ਹੀ ਰਹਿੰਦੀਆਂ ਹਨ। ਪੇਕੇ ਘਰ ਕਿਸੇ ਮਜਬੂਰੀ ਕਾਰਨ ਨਹੀਂ ਜਾ ਸਕਦੀਆਂ। ਉਹਨਾਂ ਨੂੰ ਮਾਂ-ਪਿਉ, ਭਰਾਵਾਂ ਵੱਲੋਂ ਸੰਧਾਰਾ ਦਿੱਤਾ ਜਾਂਦਾ ਹੈ। ਜਿਸ ਵਿੱਚ ਮਠਿਆਈ, ਕੱਪੜੇ, ਮੱਠੀਆਂ, ਗੁਲਗੁਲੇ, ਚੂੜੀਆਂ, ਮਹਿੰਦੀ, ਰੇਸ਼ਮੀ ਪਰਾਂਦਾ, ਡੋਰੀ, ਗਹਿਣੇ ਅਤੇ ਹੋਰ ਸ਼ਿੰਗਾਰ ਦਾ ਸਮਾਨ ਦਿੱਤਾ ਜਾਂਦਾ ਹੈ। ਪਹਿਲਾਂ ਲੋਕ ਘਰਾਂ ਵਿੱਚ ਹੀ ਮੱਠੀਆਂ, ਲੱਡੂ ਤੇ ਹੋਰ ਪਕਵਾਨ ਬਣਾ ਕੇ ਭੇਜਦੇ ਸਨ ਪਰ ਅੱਜ-ਕੱਲ੍ਹ ਤਾਂ ਮਠਿਆਈ ਬਜ਼ਾਰ ਦੀ ਹੀ ਦਿੱਤੀ ਜਾਂਦੀ ਹੈ। ਅੱਜ-ਕੱਲ੍ਹ ਕਿਸੇ ਕੋਲ ਇਤਨਾਂ ਸਮਾਂ ਹੀ ਨਹੀਂ ਹੈ ਕਿ ਉਹ ਘਰ ਵਿੱਚ ਪਕਵਾਨ ਤਿਆਰ ਕਰ ਸਕਣ। ਪਰ ਫਿਰ ਵੀ ਕੁਝ ਬਜ਼ੁਰਗ ਔਰਤਾਂ ਪੁਰਾਣੇ ਰੀਤੀ ਰਿਵਾਜਾਂ ਅਨੁਸਾਰ ਘਰ ਵਿੱਚ ਹੀ ਕੁਝ ਮਠਿਆਈਆਂ ਤੇ ਹੋਰ ਪਕਵਾਨ ਤਿਆਰ ਕਰਕੇ ਪੀਪੇ ਵਿੱਚ ਪਾ ਕੇ ਸਿਰ ਤੇ ਰੱਖ ਕੇ ਆਪਣੀ ਧੀ ਨੂੰ ਦੇਣ ਜਾਂਦੀਆਂ ਹਨ।

ਆਵਾਜ਼ਿ ਕੌਮ AWAZE QAUM International Newspaper & WEB TV

ਤੀਆਂ ਦੇ ਤਿਉਹਾਰ ਮੌਕੇ ਕੁੜੀਆਂ, ਮੁਟਿਆਰਾਂ ਪੈਰਾਂ ਤੋਂ ਸਿਰ ਤੱਕ ਖੂਬ ਸੱਜ-ਧੱਜ ਕੇ ਪੀਂਘਾਂ ਝੂਟਣ ਤੇ ਗਿੱਧਾ ਪਾਉਣ ਲਈ ਇਕੱਠੀਆਂ ਹੁੰਦੀਆਂ ਹਨ। ਮਾਂ-ਬਾਪ ਦੇ ਘਰ ਆਈਆਂ ਆਜ਼ਾਦੀ ਮਹਿਸੂਸ ਕਰਦੀਆਂ ਹਨ। ਪਿੰਡ ਤੋਂ ਬਾਹਰ ਕਿਸੇ ਖੁੱਲ੍ਹੀ ਜਗ੍ਹਾ ਤੇ ਉਹ ਨੱਚਦੀਆਂ-ਟੱਪਦੀਆਂ, ਹੱਸਦੀਆਂ-ਖੇਡਦੀਆਂ, ਪੀਂਘਾਂ ਝੂਟਦੀਆਂ, ਇੱਕ ਦੂਜੇ ਤੋਂ ਵੱਧ ਚੜ੍ਹ ਕੇ ਬੋਲੀਆਂ ਅਤੇ ਗਿੱਧਾ ਪਾਉਂਦੀਆਂ ਹਨ। ਉਹ ਇੱਕ ਮਿੰਟ ਵੀ ਅੱਕਦੀਆਂ ਜਾਂ ਥੱਕਦੀਆਂ ਨਹੀਂ।

ਅੱਜ ਤੋਂ 40 ਸਾਲ ਪਹਿਲਾਂ ਕੋਟਕਪੂਰਾ (ਫ਼ਰੀਦਕੋਟ) ਸ਼ਹਿਰ ਵਿੱਚ ਫਰਮਾਂਹ ਵਾਲੇ ਡੇਰੇ ਕੋਲ ਤੀਆਂ ਦਾ ਤਿਉਹਾਰ ਬੜੇ ਉਤਸ਼ਾਹ ਨਾਲ ਮਨਾਇਆ ਜਾਂਦਾ ਸੀ। ਲੜਕੀਆਂ, ਔਰਤਾਂ ਪੀਂਘਾਂ ਝੂਟਦੀਆਂ, ਕਿੱਕਲੀ ਪਾਉਂਦੀਆਂ, ਕੋਟਲਾ-ਛਪਾਕੀ ਤੇ ਹੋਰ ਖੇਡਾਂ-ਖੇਡ ਕੇ ਮਨਪ੍ਰਚਾਵਾ ਕਰਦੀਆਂ ਸਨ। ਸ਼ਾਮ ਨੂੰ 3-4 ਵਜੇ ਤੀਆਂ ਦਾ ਮੇਲਾ ਸ਼ੁਰੂ ਹੋ ਕੇ ਰਾਤ 11-12 ਵਜੇ ਤੱਕ ਖੂਬ ਭਰਦਾ ਸੀ। ਪਹਿਲਾਂ ਤੀਆਂ ਦੇ ਤਿਉਹਾਰ ਵਿੱਚ ਲੜਕੇ-ਲੜਕੀਆਂ ਇਕੱਠੇ ਹੀ ਝੂਟੇ ਲੈ ਲੈਂਦੇ ਸਨ ਤੇ ਪੀਂਘ ਵੀ ਇੱਕ ਦੂਜੇ ਤੋਂ ਉੱਚੀ ਚੜ੍ਹਾਉਣ ਦੀ ਜ਼ਿੱਦ ਕਰਦੇ ਸਨ। ਕੋਈ ਕਿਸੇ ਨੂੰ ਬੁਰੀ ਨਜ਼ਰ ਨਾਲ ਨਹੀਂ ਸੀ ਤੱਕਦਾ। ਅੱਜ ਪਹਿਲਾਂ ਵਾਲਾ ਸਮਾਂ ਨਹੀਂ ਹੈ। ਹੁਣ ਤਾਂ ਪਿੰਡਾਂ/ਸ਼ਹਿਰਾਂ ਵਿੱਚ ਤੀਆਂ ਬਹੁਤ ਘੱਟ ਹੀ ਲੱਗਦੀਆਂ ਹਨ। ਹੁਣ ਤੀਆਂ ਦੇ ਤਿਉਹਾਰ ਵਿੱਚ ਵੀ ਉਹ ਰੌਣਕ ਨਹੀਂ ਹੁੰਦੀ ਜੋ ਪਹਿਲਾਂ ਦੇਖਣ ਨੂੰ ਮਿਲਦੀ ਸੀ।



ਅਜੋਕੇ ਸਮੇਂ ਤੀਆਂ ਬਹੁਤ ਘੱਟ ਲੱਗਦੀਆਂ ਹਨ ਅਤੇ ਪਹਿਲਾਂ ਜਿੰਨਾ ਲੋਕਾਂ ਵਿੱਚ ਉਤਸ਼ਾਹ ਵੀ ਨਹੀਂ ਰਿਹਾ। ਪਹਿਲਾਂ ਪਹਿਲ ਤੀਆਂ ਦਾ ਤਿਉਹਾਰ ਪਿੰਡਾਂ, ਸ਼ਹਿਰਾਂ ਵਿੱਚ ਬੜੇ ਧੂਮਧਾਮ ਨਾਲ ਮਨਾਇਆ ਜਾਂਦਾ ਸੀ। ਪਰ ਅੱਜ ਤੀਆਂ ਦੇ ਮੇਲੇ ਪਹਿਲਾਂ ਦੀ ਤਰ੍ਹਾਂ ਭਾਵੇਂ ਪਿੰਡਾਂ, ਸ਼ਹਿਰਾਂ ਵਿੱਚ ਨਹੀਂ ਭਰਦੇ ਪਰ ਫਿਰ ਵੀ ਕਈ ਥਾਵਾਂ ਤੇ ਅਜੋਂਕੀ ਨੌਜਵਾਨ ਪੀੜ੍ਹੀ, ਮੁਟਿਆਰਾਂ ਤੀਆਂ ਦੇ ਤਿਉਹਾਰ ਨੂੰ ਬੜੇ ਚਾਅ ਅਤੇ ਉਤਸ਼ਾਹ ਨਾਲ ਮਨਾਉਂਦੀਆਂ ਹਨ। ਵੱਡੇ ਸ਼ਹਿਰਾਂ ਵਿੱਚ ਬੱਚੇ ਸਕੂਲਾਂ 'ਚ, ਲੜਕੀਆਂ ਕਾਲਜਾਂ ਵਿੱਚ ਅਤੇ ਔਰਤਾਂ ਤੇ ਲੜਕੀਆਂ ਹੋਟਲਾਂ, ਪੈਲਸਾਂ ਵਿੱਚ ਤੀਆਂ ਦਾ ਤਿਉਹਾਰ ਬੜੇ ਉਤਸ਼ਾਹ ਨਾਲ ਮਨਾਉਂਦੀਆਂ ਹਨ। ਤੀਆਂ ਦਾ ਤਿਉਹਾਰ ਨੌਜਵਾਨ ਲੜਕੀਆਂ, ਔਰਤਾਂ ਨੂੰ ਨੇਤਰਹੀਣ, ਗੂੰਗੇ-ਬੋਲੇ ਤੇ ਮੰਦਬੁੱਧੀ ਬੱਚਿਆਂ ਨਾਲ ਮਨਾਉਣਾ ਚਾਹੀਦਾ ਹੈ।

ਤੀਆਂ ਦਾ ਸੰਬੰਧ ਖੀਰ ਤੇ ਪੂੜ੍ਹਿਆਂ ਨਾਲ ਵੀ ਹੈ। ਇਸ ਮਹੀਨੇ ਵਿੱਚ ਸ਼ਾਇਦ ਹੀ ਕੋਈ ਪੰਜਾਬੀ ਘਰ ਅਜਿਹਾ ਹੋਵੇਗਾ। ਜਿੱਥੇ ਖੀਰ ਤੇ ਪੂੜ੍ਹੇ ਨਾ ਬਣਦੇ ਹੋਣ। ਬਜ਼ਾਰ ਵਿੱਚ ਮਠਿਆਈਆਂ ਦੀਆਂ ਦੁਕਾਨਾਂ ਤੇ ਰੈਡੀਮੈਡ ਪੂੜ੍ਹੇ 350 ਰੁਪਏ ਤੋਂ 450 ਰੁਪਏ ਦੇ ਕਰੀਬ ਪ੍ਰਤੀ ਕਿੱਲੋ ਮਿਲ ਜਾਂਦੇ ਹਨ। ਦੇਸੀ ਘਿਉ ਦੇ ਪੂੜ੍ਹੇ 550-600 ਰੁਪਏ ਪ੍ਰਤੀ ਕਿੱਲੋ ਹਨ। ਪਰ ਜੋ ਪੂੜ੍ਹੇ ਘਰ ਬਣਾ ਕੇ ਖਾਣ ਦਾ ਸੁਆਦ, ਮਜ਼ਾ ਆਉਂਦਾ ਹੈ। ਉਹ ਬਜ਼ਾਰ ਦੇ ਪੂੜ੍ਹਿਆਂ ਨਾਲ ਨਹੀਂ ਆਉਂਦਾ। ਬੱਚੇ, ਬੁੱਢੇ, ਜਵਾਨ ਸਭ ਖ਼ੁਸ਼ੀ-ਖ਼ੁਸ਼ੀ ਖੀਰ ਪੂੜ੍ਹੇ ਖਾਂਦੇ ਹਨ। ਬੱਚੇ, ਨੌਜਵਾਨ ਕਿਣ-ਮਿਣ ਬਾਰਸ਼ ਦੇ ਵਿੱਚ ਕੱਪੜੇ ਉਤਾਰ ਕਲੋਲਾਂ ਕਰਦੇ ਹਨ ਤੇ ਖ਼ੂਬ ਅਨੰਦ ਮਾਣਦੇ ਹਨ।

ਇਸ ਮਹੀਨੇ ਦੇ ਗੁਣ ਗਾਉਂਦੀਆਂ ਮੁਟਿਆਰਾਂ ਰੱਜਦੀਆਂ ਨਹੀਂ ਜਿਸ ਨੇ ਉਹਨਾਂ ਦਾ ਮੇਲ ਕਰਵਾਇਆ ਹੁੰਦਾ ਹੈ। ਭਾਦਰੋਂ ਮਹੀਨੇ ਮੁਟਿਆਰਾਂ ਨੂੰ ਤੀਆਂ ਤੋਂ ਵਿੱਛੜਨ ਦਾ ਡਾਹਢਾ ਦੁੱਖ ਹੁੰਦਾ ਹੈ । ਸਾਉਣ ਦੇ ਮਹੀਨੇ ਨੂੰ ਆਪਣੇ ਵੀਰਾਂ ਵਾਂਗ ਚੰਗਾ ਤੇ ਭਾਦਰੋਂ (ਭਾਦੋਂ) ਮਹੀਨੇ ਨੂੰ ਮਾੜਾ ਕਹਿੰਦੀਆਂ ਹਨ।

**ਸਾਉਣ ਵੀਰ ਇਕੱਠੀਆਂ ਕਰੇ,**
**ਭਾਦਰੋਂ ਚੰਦਰੀ ਵਿਛੋੜਾ ਪਾਵੇ।**

ਰੱਖੜ ਪੁੰਨਿਆਂ ਨੂੰ ਇਹ ਤਿਉਹਾਰ ਖ਼ਤਮ ਹੋ ਜਾਂਦਾ ਹੈ। ਕੁੜੀਆਂ ਆਪਣੇ ਭਰਾਵਾਂ ਨੂੰ ਰੱਖੜੀਆਂ ਬੰਨ੍ਹ ਕੇ ਜਾਂਦੀਆਂ ਹਨ ਤੇ ਅਗਲੇ ਸਾਲ ਫਿਰ ਮਿਲਣ ਦੇ ਚਾਅ ਤੇ ਖ਼ੁਸ਼ੀਆਂ ਨਾਲ ਮੁਟਿਆਰਾਂ, ਸਹੇਲੀਆਂ ਇੱਕ ਦੂਜੇ ਤੋਂ ਵਿੱਛੜ ਜਾਂਦੀਆਂ ਹਨ।

**ਤੀਆਂ ਤੀਜ ਦੀਆਂ ਵਰ੍ਹੇ ਦਿਨਾਂ ਨੂੰ ਫੇਰ।**

**-ਕਰਨੈਲ ਸਿੰਘ ਐੱਮ.ਏ.ਲੁਧਿਆਣਾ**
**#1138/63-ਏ, ਗੁਰੂ ਤੇ.ਗ ਬਹਾਦਰ ਨਗਰ**
**ਗਲੀ ਨੰਬਰ-1, ਚੰਡੀਗੜ੍ਹ ਰੋਡ, ਜਮਾਲਪੁਰ, ਲੁਧਿਆਣਾ**

## ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਖੇਤਰ ਤਲਵੰਡੀ ਸਾਬੋ ਵੱਲੋਂ

# ਵੱਖ-ਵੱਖ ਸਕੂਲਾਂ 'ਚ ਪੜ੍ਹਾਇਆ ਨੈਤਿਕਤਾ ਦਾ ਪਾਠ








ਤਲਵੰਡੀ ਸਾਬੋ, 10 ਅਗਸਤ (ਗੁਰਜੰਟ ਸਿੰਘ ਨਥੇਹਾ)- ਜੇਕਰ ਆਪਣੇ ਬੱਚਿਆਂ ਨੂੰ ਚੰਗੇ ਇਨਸਾਨ ਬਣਿਆ ਦੇਖਣਾ ਚਾਹੁੰਦੇ ਹੋ ਤਾਂ ਨੈਤਿਕਤਾ ਦਾ ਪਾਠ ਪੜ੍ਹਾਉਣਾ ਜ਼ਰੂਰੀ ਹੈ। ਨੈਤਿਕਤਾ ਦਾ ਪਾਠ ਜਿੱਥੇ ਸਾਨੂੰ ਸਮਾਜਿਕ ਕਦਰਾਂ ਕੀਮਤਾਂ, ਆਪਸੀ ਏਕਤਾ ਅਖੰਡਤਾ ਦਾ ਪਾਠ ਪੜ੍ਹਾਉਂਦਾ ਹੈ ਉਥੇ ਸਾਨੂੰ ਵਹਿਮਾਂ ਭਰਮਾਂ, ਅੰਧ ਵਿਸ਼ਵਾਸ਼ ਤੋਂ ਕੋਹਾਂ ਦੂਰ ਕਰਦਾ ਹੈ ਕਿਉਂਕਿ ਸਾਡਾ ਮਨ, ਦਿਮਾਗ ਬਲਵਾਨ ਹੁੰਦਾ ਹੈ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਖੇਤਰ ਤਲਵੰਡੀ ਸਾਬੋ ਦੇ ਇੰਚਾਰਜ ਭਾਈ ਸ਼ਮਸ਼ੇਰ ਸਿੰਘ ਖਾਲਸਾ ਨੇ ਵੱਖ-ਵੱਖ ਸਕੂਲਾਂ ਵਿੱਚ ਬੱਚਿਆਂ ਨੂੰ ਨੈਤਿਕ ਸਿੱਖਿਆ ਸਬੰਧੀ ਜਾਗਰੂਕ ਕਰਨ ਲਈ ਲਾਏ ਗਏ ਸੈਮੀਨਾਰ, ਵਿਦਿਅਕ ਕਿਆਰੀਆਂ ਲਾਉਣ ਤੋਂ ਬਾਅਦ ਮੀਡੀਆ ਨਾਲ ਗੱਲਬਾਤ ਕਰਦਿਆਂ ਕੀਤਾ। ਉਹਨਾਂ ਦੱਸਿਆ ਕਿ ਖੇਤਰ ਵੱਖ-ਵੱਖ ਪਿੰਡਾਂ, ਸ਼ਹਿਰਾਂ ਦੇ ਸਕੂਲਾਂ ਸਰਕਾਰੀ ਸਕੂਲ ਪੱਕਾ ਕਲਾਂ, ਤਾਰਾ ਕਾਨਵੇਂਟ ਸਕੂਲ ਜਗਾ ਰਾਮ ਤੀਰਥ, ਸਰਕਾਰੀ ਸਕੂਲ ਝੁਨੀਰ, ਸਰਕਾਰੀ ਹਾਈ ਸਕੂਲ ਗਾਟਵਾਲੀ ਵਿਖੇ ਵਿਦਿਅਕ ਕਿਆਰੀਆਂ ਲਗਾਈਆਂ ਗਈਆਂ ਹਨ ਜਿੱਥੇ ਬੱਚਿਆਂ ਨੂੰ ਉੱਚ ਵਿੱਦਿਆ ਸਿੱਖਿਆ ਲੈਣ ਲਈ ਪ੍ਰੇਰਿਤ ਕੀਤਾ ਹੈ ਉਥੇ ਚੰਗੀਆਂ ਆਦਤਾਂ, ਵਾਤਾਵਰਣ ਸਬੰਧੀ ਜਾਗਰੂਕ ਕੀਤਾ ਜਾ ਰਿਹਾ ਹੈ। ਇੱਕ ਸਵਾਲ ਦੇ ਵਿੱਚ ਉਹਨਾਂ ਕਿਹਾ ਕਿ ਅਸੀਂ ਦੇਖ ਰਹੇ ਹਨ ਕਿ ਸਾਡੇ ਸਮਾਜ ਦੇ ਵਿੱਚ ਰਿਸ਼ਤੇ ਨਾਤੇ, ਆਪਸੀ ਭਾਈਚਾਰਕ ਸਾਂਝ ਕਦਰਾਂ ਕੀਮਤਾਂ ਖਤਮ ਹੋ ਰਹੀਆਂ ਹਨ, ਉਹਨਾਂ ਨੂੰ ਬਚਾਉਣਾ ਬਹੁਤ ਜ਼ਰੂਰੀ ਹੈ। ਉਹਨਾਂ ਕਿਹਾ ਕਿ ਜੇਕਰ ਆਪਣੇ ਬੱਚਿਆਂ ਨੂੰ ਚੰਗੇ ਇਨਸਾਨ ਬਣਿਆ ਦੇਖਣਾ ਚਾਹੁੰਦੇ ਹੋ ਤਾਂ ਨੈਤਿਕਤਾ ਦਾ ਪਾਠ ਪੜ੍ਹਾਉਣਾ ਜ਼ਰੂਰੀ ਹੈ ਤੇ ਬੱਚਿਆਂ ਨੂੰ ਨੈਤਿਕਤਾ ਦਾ ਸਬਕ ਸਿੱਖਣਾ ਜ਼ਰੂਰੀ ਹੈ। ਇਹ ਪਾਠ ਪੜਾਉਣ ਲਈ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਲੰਬੇ ਸਮੇਂ ਤੋਂ ਯਤਨਸ਼ੀਲ ਹੈ। ਉਹਨਾਂ ਕਿਹਾ ਕਿ ਬੱਚਿਆਂ ਦਾ ਪੂਰੇ ਦੇਸ਼ ਵਿਚ ਹਰ ਸਾਲ ਇਮਤਿਹਾਨ ਵੀ ਲਿਆ ਜਾ ਰਿਹਾ ਹੈ ਜਿਸ ਨਾਲ ਬੱਚਿਆਂ 'ਚ ਭਾਵਨਾ ਪੈਦਾ ਹੁੰਦੀ ਹੈ। ਇਸ ਸਾਲ ਇਹ ਇਮਤਿਹਾਨ 22 ਅਗਸਤ ਨੂੰ ਲਿਆ ਜਾ ਰਿਹਾ ਹੈ ਇਸ ਵਿੱਚ ਲੱਖਾਂ ਦੀ ਗਿਣਤੀ ਵਿਚ ਬੱਚੇ ਭਾਗ ਰਹੇ ਹਨ। ਉਹਨਾਂ ਮਾਪਿਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਆਪਣੇ ਬੱਚਿਆਂ ਨੂੰ ਸਟੱਡੀ ਸਰਕਲ ਦੇ ਸਾਰੇ ਪ੍ਰੋਗਰਾਮਾਂ ਵਿੱਚ ਜੋੜਿਆ ਜਾਵੇ ਤਾਂ ਕਿ ਬੱਚੇ ਵਹਿਮਾਂ ਭਰਮਾਂ, ਡਰ ਸਹਿਮ, ਅੰਧ ਵਿਸ਼ਵਾਸ਼ਾਂ ਤੋਂ ਬਚ ਸਕਣ।

**ਨੈਤਿਕਤਾ ਦਾ ਪਾਠ ਮਨੁੱਖ ਨੂੰ ਚੰਗਾ ਇਨਸਾਨ ਬਣਾਉਂਦਾ ਹੈ- ਭਾਈ ਸ਼ਮਸ਼ੇਰ ਸਿੰਘ ਖਾਲਸਾ**

## ਖਾਲਸਾ ਅਕੈਡਮੀ ਮਹਿਤਾ ਦੇ ਵਿਦਿਆਰਥੀ ਨੇ

# ਜੈਵਲਿਨ ਥਰੌਅ ਵਿੱਚੋਂ ਪਹਿਲੀ ਪੁਜੀਸ਼ਨ ਹਾਸਲ ਕੀਤੀ



**ਚੌਕ ਮਹਿਤਾ, 10 ਅਗਸਤ ( ਬਾਬਾ ਸੁਖਵੰਤ ਸਿੰਘ ਚੰਨਣਕੇ )**-ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਅਕੈਡਮੀ ਮਹਿਤਾ ਚੌਂਕ ਜੋ ਕਿ ਦਮਦਮੀ ਟਕਸਾਲ ਦੇ 16ਵੀਂ ਮੁਖੀ ਮਾਨਯੋਗ ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂ ਵਾਲੇ ਪ੍ਰਧਾਨ ਸੰਤ ਸਮਾਜ ਜੀ ਦੀ ਸੰਯੋਗ ਰਹਿਣਮਾਈ ਹੇਠ ਚੱਲ ਰਹੇ ਵਿਦਿਅਕ ਅਦਾਰੇ ਦੇ ਵਿਦਿਆਰਥੀਆਂ ਨੇ ਹਰ ਵਾਰ ਦੀ ਤਰ੍ਹਾਂ ਖੇਡਾਂ ਵਿੱਚ ਮੱਲਾਂ ਮਾਰ ਕੇ ਖਾਲਸਾ ਅਕੈਡਮੀ ਦਾ ਨਾਮ ਰੋਸ਼ਨ ਕੀਤਾ। ਇਹ ਖੇਡਾਂ 7 ਅਗਸਤ ਨੂੰ ਓਲੰਪੀਅਨ ਨੀਰਜ ਚੋਪੜਾ ਨੂੰ ਸਮਰਪਿਤ ਜਲੰਧਰ ਵਿਖੇ ਓਪਨ ਪੰਜਾਬ ਜੈਵਲਿਨ ਥਰੌਅ 2024 ਚੱਲ ਰਹੀਆਂ ਸਨ ਜਿਸ ਵਿੱਚ ਖਾਲਸਾ ਅਕੈਡਮੀ ਦੇ ਵਿਦਿਆਰਥੀ ਸੱਤਵੀਰ ਸਿੰਘ ਬਾਠ ਨੇ ਕੋਚ ਸਚਿਨ ਕੁਮਾਰ ਦੀ ਮਿਹਨਤ ਸਦਕਾ ਜੈਵਲੀਨ ਥਰੋਅ ਵਿੱਚ ਹਿੱਸਾ ਲਿਆ ਅਤੇ ਪਹਿਲੀ ਪੁਜੀਸ਼ਨ ਹਾਸਲ ਕਰਕੇ ਖਾਲਸਾ ਅਕੈਡਮੀ ਦਾ ਨਾਮ ਰੋਸ਼ਨ ਕੀਤਾ। ਇਸ ਮੌਕੇ ਤੇ ਸਕੂਲ ਦੇ ਡਾਇਰੈਕਟਰ/ਪ੍ਰਿੰਸੀਪਲ ਡਾਕਟਰ ਜਤਿੰਦਰ ਕੁਮਾਰ ਸ਼ਰਮਾ ਜੀ ਨੇ ਬੱਚੇ ਦਾ ਸਕੂਲ ਆਉਣ ਤੇ ਨਿੱਘਾ ਸਵਾਗਤ ਕੀਤਾ ਅਤੇ ਸਕੂਲ ਦੀ ਅਸੈਂਬਲੀ ਦੇ ਦੌਰਾਨ ਬੱਚੇ ਨੂੰ ਸਨਮਾਨਿਤ ਕੀਤਾ ਗਿਆ। ਅਤੇ ਹੋਰਨਾਂ ਬੱਚਿਆਂ ਨੂੰ ਵੀ ਇਸ ਬੱਚੇ ਤੋਂ ਪ੍ਰੇਰਨਾ ਲੈਣ ਦੀ ਸਿੱਖਿਆ ਦਿੱਤੀ ਗਈ। ਪ੍ਰਿੰਸੀਪਲ ਸਾਹਿਬ ਜੀ ਨੇ ਬੱਚਿਆਂ ਨੂੰ ਕਿਹਾ ਕਿ ਸਾਨੂੰ ਆਪਣੇ ਰੋਜ਼ਾਨਾ ਜੀਵਨ ਵਿੱਚ ਖੇਡਾਂ ਨੂੰ ਆਪਣਾ ਹਿੱਸਾ ਬਣਾ ਲੈਣਾ ਚਾਹੀਦਾ ਹੈ। ਸਕੂਲ ਦੇ ਡਾਇਰੈਕਟਰ/ਪ੍ਰਿੰਸੀਪਲ ਡਾਕਟਰ ਜਤਿੰਦਰ ਕੁਮਾਰ ਸ਼ਰਮਾ ਜੀ ਅਤੇ ਕਾਲਜ ਦੇ ਪ੍ਰਿੰਸੀਪਲ ਸਰਦਾਰ ਗੁਰਦੀਪ ਸਿੰਘ ਜੀ ਅਤੇ ਸਕੂਲ ਦੇ ਕੋਚ ਸਾਹਿਬਾਨ ਅਤੇ ਸਮੂਹ ਸਟਾਫ ਸਾਹਿਬਾਨ ਨੇ ਬੱਚੇ ਨੂੰ ਵਧਾਈ ਦਿੱਤੀ ਅਤੇ ਅੱਗੇ ਵਧਣ ਦਾ ਆਸ਼ੀਰਵਾਦ ਦਿੱਤਾ।

# ਭਾਈ ਬਲਵੀਰ ਸਿੰਘ ਵਾਸੀ ਦੇ ਅਕਾਲ ਚਲਾਣੇ 'ਤੇ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਗਹਿਰੇ ਦੁੱਖ ਦਾ ਪ੍ਰਗਟਾਵਾ



**ਅੰਮ੍ਰਿਤਸਰ, 10 ਅਗਸਤ (ਆਵਾਜ਼ਿ ਕੌਮ ਬਿਊਰੋ)**- ਬੀਤੇ ਦਿਨੀਂ ਲੰਗਰ ਸ੍ਰੀ ਗੁਰੂ ਰਾਮਦਾਸ ਜੀ, ਸ੍ਰੀ ਹਰਿਮੰਦਰ ਸਾਹਿਬ ਵਿਖੇ ਸੇਵਾ ਕਰਦਿਆਂ ਆਲੂਆਂ ਵਾਲੇ ਉੱਬਲਦੇ ਪਾਣੀ ਦੇ ਕੜਾਹੇ ਵਿੱਚ ਡਿੱਗਣ ਨਾਲ ਝੁਲਸੇ ਸ. ਬਲਵੀਰ ਸਿੰਘ ਵਾਸੀ ਧਾਰੀਵਾਲ ਗੁਰਦਾਸਪੁਰ ਦੇ ਅਕਾਲ ਚਲਾਣੇ ਉੱਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਸ. ਬਲਬੀਰ ਸਿੰਘ ਪਿਛਲੇ ਲੰਮੇ ਸਮੇਂ ਤੋਂ ਹਫ਼ਤੇ ਵਿੱਚ ਦੋ ਵਾਰ ਸ੍ਰੀ ਹਰਿਮੰਦਰ ਸਾਹਿਬ ਆ ਕੇ ਲੰਗਰ ਵਿੱਚ ਸੇਵਾ ਕਰਦੇ ਸਨ ਪਰ ਅਚਾਨਕ ਸੇਵਾ ਕਰਦਿਆਂ ਉਨ੍ਹਾਂ ਨਾਲ ਹਾਦਸਾ ਵਾਪਰ ਗਿਆ। ਉਨ੍ਹਾਂ ਨੂੰ ਇਲਾਜ ਲਈ ਸ਼੍ਰੋਮਣੀ ਕਮੇਟੀ ਵੱਲੋਂ ਸ੍ਰੀ ਗੁਰੂ ਰਾਮਦਾਸ ਜੀ ਹਸਪਤਾਲ ਵਿਖੇ ਦਾਖਲ ਕਰਵਾਇਆ ਗਿਆ ਸੀ ਅਤੇ ਉਨ੍ਹਾਂ ਦਾ ਇਲਾਜ ਚੱਲ ਰਿਹਾ ਸੀ, ਜਿਸ ਦੌਰਾਨ ਉਹ ਬੀਤੀ ਰਾਤ ਚਲਾਣਾ ਕਰ ਗਏ। ਐਡਵੋਕੇਟ ਧਾਮੀ ਨੇ ਕਰਤਾ ਪੁਰਖ ਅੱਗੇ ਅਰਦਾਸ ਕੀਤੀ ਕਿ ਉਹ ਵਿੱਛੜੀ ਰੂਹ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ।

# ਹਰਿਆਣਾ ਸਰਕਾਰ ਵੱਲੋਂ 15 ਅਗਸਤ ਤੋਂ ਸਕੂਲਾਂ ਵਿਚ 'ਜੈ ਹਿੰਦ' ਦੇ ਅਮਲ ਨੂੰ ਲਾਗੂ ਕਰਨਾ ਘੱਟ ਗਿਣਤੀ ਕੌਮਾਂ ਦੀਆਂ ਭਾਵਨਾਵਾ ਨੂੰ ਕੁੱਚਲਣ ਦੇ ਤੁੱਲ : ਮਾਨ



**ਨਵੀਂ ਦਿੱਲੀ, 10 ਅਗਸਤ (ਮਨਪ੍ਰੀਤ ਸਿੰਘ ਖਾਲਸਾ)**:- "ਇੰਡੀਆਂ ਦਾ ਜਮਹੂਰੀਅਤ ਮੁਲਕ ਬਹੁ-ਕੌਮਾਂ, ਬਹੁ-ਭਾਸ਼ਾਵਾਂ, ਬਹੁ-ਸੱਭਿਅਤਾ ਵਾਲਾ ਇਕ ਸਾਂਝਾ ਮੁਲਕ ਹੈ । ਜਿਥੇ ਕਿਸੇ ਵੀ ਕੌਮ ਜਾਂ ਧਰਮ ਦੀ ਰਵਾਇਤ ਨੂੰ ਸਾਰੀਆਂ ਕੌਮਾਂ, ਧਰਮਾਂ ਉਤੇ ਜ਼ਬਰੀ ਨਹੀ ਠੋਸਿਆ ਜਾਂ ਸਕਦਾ । ਜੇਕਰ ਹੁਕਮਰਾਨ ਅਜਿਹਾ ਅਮਲ ਤਾਨਾਸਾਹੀ ਸੋਚ ਅਧੀਨ ਕਰਨਗੇ, ਤਾਂ ਇਥੋ ਦੇ ਹਾਲਾਤ ਕਦੀ ਵੀ ਸੁਖਾਵੇ ਨਹੀਂ ਰਹਿ ਸਕਣਗੇ ।" ਇਹ ਵਿਚਾਰ ਸ. ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਹਰਿਆਣਾ ਸੂਬੇ ਵਿਚ ਮੁਤੱਸਵੀ ਸੋਚ ਅਧੀਨ ਉਥੇ ਵੱਸਣ ਵਾਲੀਆ ਸਭ ਕੌਮਾਂ ਦੇ ਸਕੂਲੀ ਵਿਦਿਆਰਥੀਆਂ ਉਤੇ ਸਕੂਲ ਵਿਚ ਇਕ-ਦੂਸਰੇ ਨੂੰ ਜ਼ਬਰੀ 'ਜੈ ਹਿੰਦ' ਕਹਿਣ ਦੇ ਕੀਤੇ ਜਾਣ ਵਾਲੇ ਹੁਕਮਾਂ ਨੂੰ ਫਿਰਕੂ ਅਤੇ ਨਫਰਤ ਵਧਾਉਣ ਵਾਲੇ ਕਰਾਰ ਦਿੰਦੇ ਹੋਏ ਅਤੇ ਇਥੋ ਦੇ ਮਾਹੌਲ ਨੂੰ ਗੰਧਲਾ ਕਰਨ ਸੰਬੰਧੀ ਖ਼ਬਰਦਾਰ ਕਰਦੇ ਹੋਏ ਪ੍ਰਗਟ ਕੀਤੇ । ਉਨ੍ਹਾਂ ਕਿਹਾ ਕਿ ਜੇਕਰ ਬਹੁਗਿਣਤੀ ਹਿੰਦੂ ਮੁਲਕ ਅਜਿਹੇ ਸਮੇ ਤੇ ਆਪਣੀ ਕਿਸੇ ਹਿੰਦੂਤਵ ਰਵਾਇਤ ਨੂੰ ਜਿਵੇ ਜੈ ਹਿੰਦ ਕਹਿਣ ਵਾਲੀ ਗੱਲ ਹੈ, ਲਾਗੂ ਕਰਦਾ ਹੈ ਤਾਂ ਜਿਥੇ ਕਿਤੇ ਵੀ ਸਿੱਖ ਬੱਚੇ ਸਕੂਲਾਂ, ਕਾਲਜਾਂ ਵਿਚ ਪੜ੍ਹਦੇ ਹਨ ਤਾਂ ਉਨ੍ਹਾਂ ਨੂੰ ਵੀ ਬਿਨ੍ਹਾਂ ਕਿਸੇ ਡਰ ਭੈ ਤੇ ਆਜਾਦੀ ਤੋ ਆਪਣੀ ਰਵਾਇਤ ਅਨੁਸਾਰ 'ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹਿ' ਬੁਲਾਉਣ ਦੀ ਇਜਾਜਤ ਹੋਣੀ ਚਾਹੀਦੀ ਹੈ । ਅਸੀਂ ਉਮੀਦ ਕਰਦੇ ਹਾਂ ਕਿ ਹਰਿਆਣਾ ਸਰਕਾਰ ਆਪਣੇ ਵੱਲੋ ਕੀਤੇ ਗਏ ਉਪਰੋਕਤ ਫਿਰਕੂ ਹੁਕਮਾਂ ਨੂੰ ਜਾਂ ਤਾਂ ਤੁਰੰਤ ਵਾਪਸ ਲੈ ਲਵੇਗੀ ਜਾਂ ਫਿਰ ਸਿੱਖ ਕੌਮ ਨੂੰ ਵੀ ਆਪਣੇ ਕੌਮੀ ਰਵਾਇਤ ਅਨੁਸਾਰ 'ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹਿ' ਬੁਲਾਉਣ ਦੀ ਇਜਾਜਤ ਦੇ ਦੇਵੇਗੀ । ਅਜਿਹੇ ਅਮਲ ਕਰਕੇ ਹੀ ਬਰਾਬਰਤਾ ਤੇ ਨਿਰਪੱਖਤਾ ਦੇ ਅਮਲਾਂ ਨੂੰ ਉਜਾਗਰ ਕੀਤਾ ਜਾ ਸਕਦਾ ਹੈ।

# ਸੰਗਤ ਵੱਲੋਂ ਪੁੱਜੀਆਂ ਸ਼ਿਕਾਇਤਾਂ ਦੇ ਅਧਾਰ 'ਤੇ ਗੁਰਦੁਆਰਾ ਚੋਣ ਕਮਿਸ਼ਨ ਨੂੰ ਪੱਤਰ ਲਿਖ ਯੋਗ ਸਿੱਖ ਵੋਟਰਾਂ ਦੀ ਰਜਿਸਟ੍ਰੇਸ਼ਨ ਕੀਤੇ ਜਾਣ ਦੀ ਮੰਗ- ਐਡਵੋਕੇਟ ਧਾਮੀ



ਨਵੀਂ ਦਿੱਲੀ, 10 ਅਗਸਤ (ਮਨਪ੍ਰੀਤ ਸਿੰਘ ਖਾਲਸਾ):- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਆਮ ਚੋਣਾਂ ਲਈ ਬਣ ਰਹੀਆਂ ਵੋਟਾਂ ਨੂੰ ਪਾਰਦਰਸ਼ੀ ਅਤੇ ਯੋਗ ਸਿੱਖ ਵੋਟਰਾਂ ਦੀ ਰਜਿਸਟ੍ਰੇਸ਼ਨ ਯਕੀਨੀ ਬਣਾਉਣ ਲਈ ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਮੁੱਖ ਕਮਿਸ਼ਨਰ ਗੁਰਦੁਆਰਾ ਚੋਣਾਂ ਜਸਟਿਸ ਐੱਸ ਐੱਸ ਸਾਰੋਂ ਨੂੰ ਪੱਤਰ ਲਿਖਿਆ ਹੈ। ਐਡਵੋਕੇਟ ਧਾਮੀ ਨੇ ਇਸ ਗੱਲ ਦਾ ਸਖ਼ਤ ਇਤਾਰਜ਼ ਪ੍ਰਗਟਾਇਆ ਕਿ ਪੰਜਾਬ ਸਰਕਾਰ ਵੱਲੋਂ ਗੁਰਦੁਆਰਾ ਚੋਣਾਂ ਲਈ ਰਜਿਸਟ੍ਰੇਸ਼ਨ ਵਾਸਤੇ ਨਿਰਧਾਰਤ ਨਿਯਮਾਂ ਦੀ ਅਣਦੇਖੀ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਵੱਖ-ਵੱਖ ਇਲਾਕਿਆਂ ਵਿੱਚੋਂ ਸੰਗਤ ਵੱਲੋਂ ਸ਼ਿਕਾਇਤਾਂ ਅਤੇ ਜਾਣਕਾਰੀ ਦਿੱਤੀ ਗਈ ਹੈ ਕਿ ਵੋਟਾਂ ਬਣਾਉਣ ਵਾਲੇ ਸਰਕਾਰ ਦੇ ਕਰਮਚਾਰੀ ਲੋਕ ਸਭਾ ਅਤੇ ਵਿਧਾਨ ਸਭਾ ਦੀਆਂ ਵੋਟਰ ਲਿਸਟਾਂ ਵਿੱਚੋਂ ਬਿਨਾਂ ਤਸਦੀਕ ਕੀਤਿਆਂ ਆਪਣੇ ਤੌਰ 'ਤੇ ਹੀ ਨਾਮ ਚੁੱਕ ਕੇ ਨਿਯਮਾਂ ਨੂੰ ਅਣਦੇਖਾ ਕਰਦਿਆਂ ਵੋਟਰ ਬਣਾ ਰਹੇ ਹਨ। ਇਸ ਤਹਿਤ ਅੰਮ੍ਰਿਤਧਾਰੀ ਤੇ ਸਾਬਤ ਸੂਰਤ ਸਿੱਖ ਦੀ ਸ਼ਰਤ ਦੀ ਉਲੰਘਣਾ ਹੋਣ ਦਾ ਖ਼ਦਸ਼ਾ ਹੈ। ਐਡਵੋਕੇਟ ਧਾਮੀ ਨੇ ਜਸਟਿਸ ਸਾਰੋਂ ਨੂੰ ਲਿਖਿਆ ਕਿ ਉਹ ਇਸ ਮਾਮਲੇ ਵਿੱਚ ਸਖ਼ਤ ਆਦੇਸ਼ ਜਾਰੀ ਕਰਨ, ਤਾਂ ਜੋ ਇਹ ਯਕੀਨੀ ਬਣ ਸਕੇ ਕਿ ਕਿਸੇ ਵੀ ਗੈਰ ਸਿੱਖ ਅਤੇ ਪਤਿਤ ਦੀ ਵੋਟ ਨਾ ਬਣੇ। ਉਨ੍ਹਾਂ ਕਿਹਾ ਕਿ ਸਿੱਖ ਸੰਸਥਾ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਲਈ ਮੈਂਬਰ ਚੁਨਣ ਵਾਸਤੇ ਨਿਯਮਾਂ ਅਨੁਸਾਰ ਵੋਟਰ ਰਜਿਸਟ੍ਰੇਸ਼ਨ ਯਕੀਨੀ ਬਣਾਉਣਾ ਗੁਰਦੁਆਰਾ ਚੋਣ ਕਮਿਸ਼ਨ ਦਾ ਮੁੱਢਲਾ ਫ਼ਰਜ਼ ਹੈ ਅਤੇ ਸੰਗਤ ਦੇ ਇਤਰਾਜ਼ਾਂ ਤੇ ਖ਼ਦਸ਼ਿਆਂ ਵੱਲ ਕਮਿਸ਼ਨ ਉਚੇਚੇ ਤੌਰ 'ਤੇ ਧਿਆਨ ਕੇਂਦ੍ਰਿਤ ਕਰੇ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਜਸਟਿਸ ਸਾਰੋਂ ਨੂੰ ਇਹ ਵੀ ਕਿਹਾ ਕਿ ਸਿੱਖ ਤੇ ਸਾਬਤ ਸੂਰਤ ਵੋਟਰਾਂ ਤੱਕ ਪਹੁੰਚ ਨੂੰ ਵਿਧੀਵਤ ਕਰਨ ਲਈ ਆਦੇਸ਼ ਦੇਣ ਅਤੇ ਹਰ ਵੋਟਰ ਦੀ ਪਛਾਣ ਤਸਦੀਕ ਕਰਨ ਦੇ ਨਾਲ-ਨਾਲ ਉਹ ਦੀ ਤਾਜ਼ਾ ਫੋਟੋ ਫ਼ਾਰਮ ਨਾਲ ਲੈ ਕੇ ਹੀ ਵੋਟਾਂ ਬਣਾਈਆਂ ਜਾਣ।

### ਗੁਰਦੁਆਰਾ ਸਾਹਿਬ ਦੀ ਪਹਿਲੀ ਮੰਜ਼ਿਲ ਦੀ ਇਮਾਰਤ 'ਤੇ ਲੈਂਟਰ ਪਾਇਆ

# ਗੁਰਧਾਮਾਂ ਦੀ ਸੇਵਾ ਕਰਨੀ ਬਹੁਤ ਵੱਡਾ ਉਪਕਾਰ:ਬਾਬਾ ਮੇਜਰ ਸਿੰਘ ਸੋਢੀ



**ਚੌਕ ਮਹਿਤਾ, 10 ਅਗਸਤ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਸ਼੍ਰੋਮਣੀ ਪੰਥ ਅਕਾਲੀ ਦਸ਼ਮੇਸ਼ ਤਰਨਾ ਦਲ ਪੰਜਵਾਂ ਨਿਸ਼ਾਨ ਮਿਸਨ ਬਾਬਾ ਬੀਰ ਸਿੰਘ ਜੀ ਬਾਬਾ ਧੀਰ ਸਿੰਘ ਜੀ ਰੰਘਰੇਟੇ ਗੁਰੂ ਕੇ ਬੇਟੇ ਗੁਰਦੁਆਰਾ ਸਾਹਿਬ ਪਿੰਡ ਮੀਰਾ ਚੱਕ,ਚਾਟੀਵਿੰਡ ਲਹੇਲ ਦੇ ਮੁੱਖ ਸੇਵਾਦਾਰ ਸੰਤ ਬਾਬਾ ਮੇਜਰ ਸਿੰਘ ਸੋਢੀ ਦੀ ਅਗਵਾਈ ਹੇਠ ਇਲਾਕੇ ਦੇ ਇਤਿਹਾਸ ਗੁਰਦੁਆਰਾ ਸਾਹਿਬ ਦੀ ਨਵੀਂ ਬਣ ਰਹੀ ਇਮਾਰਤ ਦੀ ਪਹਿਲੀ ਮੰਜ਼ਿਲ ਤੇ ਅਰਦਾਸ ਕਰਨ ਉਪਰੰਤ ਜੈਕਾਰਿਆਂ ਦੀ ਗੂੰਜ ਹੇਠ ਲੈਂਟਰ ਪਾਉਣ ਦੀ ਆਰੰਭਤਾ ਕੀਤੀ ਗਈ। ਜਿਸ ਵਿਚ ਇਲਾਕੇ ਦੀਆਂ ਸੰਗਤਾਂ ਅਤੇ ਪੰਜਾਬ ਦੇ ਵੱਖ-ਵੱਖ ਹਿੱਸਿਆਂ ਤੋਂ ਪਹੁੰਚੇ ਸੰਤ ਮਹਾਂਪੁਰਖਾਂ ਵਲੋਂ ਗੁਰਦੁਆਰੇ ਸਾਹਿਬ ਦੀ ਇਮਾਰਤ ਦੀ ਪਹਿਲੀ ਮੰਜ਼ਿਲ ਤੇ ਲੈਂਟਰ ਪਾਉਣ ਵਿਚ ਵੱਡਾ ਯੋਗਦਾਨ ਪਾਇਆ ਅਤੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ। ਇਸ ਮੌਕੇ ਤੇ ਪੰਜਾਬ ਤੋਂ ਵੱਖ- ਵੱਖ ਹਿੱਸਿਆਂ ਤੋਂ ਪਹੁੰਚੀਆ ਨਿਹੰਗ ਜਥੇਬੰਦੀਆ, ਸੰਤ ਮਹਾਂਪੁਰਖਾਂ ਅਤੇ ਸੰਗਤਾਂ ਦਾ ਧੰਨਵਾਦ ਕਰਦਿਆਂ ਸੰਤ ਬਾਬਾ ਮੇਜਰ ਸਿੰਘ ਸੋਢੀ ਨੇ ਕਿਹਾ ਕਿ ਗੁਰੂ ਘਰ ਦੀ ਉਸਾਰੀ ਜਾਂ ਰਹੀ ਨਵੀਂ ਇਮਾਰਤ ਦੀ ਸੰਗਤਾਂ ਵਲੋਂ ਸੇਵਾ ਕਰਨੀ ਇਕ ਬਹੁਤ ਵੱਡਾ ਉਪਕਾਰ ਹੈ, ਕਿਉਂਕਿ ਸੰਗਤਾਂ ਵਲੋਂ ਆਪਣੀ ਨੇਕ ਕਮਾਈ ਵਿਚੋਂ ਤਿਲ-ਫੁੱਲ ਕੱਢ ਕੇ ਗੁਰੂ ਘਰ ਦੇ ਲੇਖੇ ਲਾਉਣ ਨਾਲ ਵਾਹਿਗੁਰੂ ਇਨਸਾਨ ਦੇ ਕੀਤੇ ਮਾੜੇ ਕਰਮਾਂ ਤੋਂ ਛੁਟਕਾਰਾ ਦਵਾਉਂਦੇ ਹਨ ਅਤੇ ਗੁਰੂ ਘਰ ਕੀਤੀ ਸੇਵਾ ਦਾ ਕਣ- ਕਣ ਲੇਖੇ ਲਾਉਂਦੇ ਹਨ। ਇਸ ਮੌਕੇ ਤੇ ਗੁਰਦੁਆਰਾ ਸਾਹਿਬ ਦੀ ਇਮਾਰਤ ਦੇ ਲੈਂਟਰ ਪਾਉਣ ਮੌਕੇ ਸੇਵਾ ਕਰਨ ਵਾਲੇ ਜਥੇਦਾਰ ਰਵੇਲ ਸਿੰਘ,ਰਣਜੀਤ ਸਿੰਘ, ਕੁਲਵੰਤ ਸਿੰਘ ਠੇਕੇਦਾਰ ,ਬਾਬਾ ਦਲੀਪ ਸਿੰਘ ਭਿੱਟੇਵੱਡ, ਮਨਜੀਤ ਸਿੰਘ ਦੇਲਾਵਾਲ,ਬਾਬਾ ਬਲਦੇਵ ਸਿੰਘ ਵੱਲਾ, ਬਾਬਾ ਪ੍ਰਗਟ ਸਿੰਘ ਮਜੀਠਾ ਰੋਡ, ਭਜਨ ਸਿੰਘ ਪ੍ਰਧਾਨ ਰਈਆ,ਸੂਬੇਦਾਰ ਹਰਪ੍ਰੀਤ ਸਿੰਘ ਬਾਬਾ ਬਕਾਲਾ,ਮਨਜਿੰਦਰ ਸਿੰਘ ਮੱਤੇਵਾਲ ,ਗਿਆਨੀ ਅਰਸ਼ਦੀਪ ਸਿੰਘ,ਹਰਜਿੰਦਰ ਸਿੰਘ ਮੱਤੇਵਾਲ ਸਮੇਤ ਇਲਾਕੇ ਦੀਆਂ ਵਡੀ ਗਿਣਤੀ ਵਿਚ ਸੰਗਤਾਂ ਨੇ ਪਹੁੰਚ ਕੇ ਗੁਰਦੁਆਰਾ ਸਾਹਿਬ ਦੀ ਬਣ ਰਹੀ ਨਵੀਂ ਇਮਾਰਤ ਵਿਚ ਹਿੱਸਾ ਪਾ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ।

ਆਵਾਜ਼ਿ ਕੌਮ AWAZE QAUM International Newspaper & WEB TV

### ਸਤਲੁਜ ਪ੍ਰੈੱਸ ਕਲੱਬ ਵਿਖੇ ਪੁੱਜੇ ਡਿਪਟੀ ਕਮਿਸ਼ਨਰ

# ਪ੍ਰਸ਼ਾਸ਼ਨ ਪੱਤਰਕਾਰਾਂ ਨੂੰ ਬਣਦਾ ਸਨਮਾਨ ਦੇਵੇਗਾ : ਧੀਮਾਨ




**ਫ਼ਿਰੋਜ਼ਪੁਰ 10 ਅਗਸਤ (ਮਨੋਹਰ ਲਾਲ)**-ਪੱਤਰਕਾਰ ਸਮਾਜ ਦਾ ਸ਼ੀਸ਼ਾ ਹੁੰਦੇ ਹਨ। ਪੱਤਰਕਾਰ ਸਮਾਜ ਅਤੇ ਸਰਕਾਰ ਵਿਚਕਾਰ ਕੜੀ ਦਾ ਕੰਮ ਕਰਦਾ ਹੈ ਓਹ ਲੋਕਾਂ ਦੀਆਂ ਸਮੱਸਿਆਵਾਂ ਨੂੰ ਉਜਾਗਰ ਕਰਦਾ ਹੈ, ਜਿਸ ਨੂੰ ਪ੍ਰਸ਼ਾਸ਼ਨ ਅਤੇ ਸਰਕਾਰ ਹੱਲ ਕਰਦੀ ਹੈ। ਇਹ ਸ਼ਬਦ ਅੱਜ ਏਥੇ ਵਿਸ਼ੇਸ਼ ਤੌਰ 'ਤੇ ਸਤਲੁਜ ਪ੍ਰੈੱਸ ਕਲੱਬ ਫ਼ਿਰੋਜ਼ਪੁਰ ਦੇ ਦਫ਼ਤਰ ਪੁੱਜੇ ਡਿਪਟੀ ਕਮਿਸ਼ਨਰ ਫਿਰੋਜ਼ਪੁਰ ਰਾਜੇਸ਼ ਧੀਮਾਨ ਨੇ ਕਹੇ। ਪੱਤਰਕਾਰਾਂ ਨੂੰ ਮਿਲਣ ਪੁੱਜੇ ਦੌਰਾਨ ਓਹਨਾ ਨੇ ਪੱਤਰਕਾਰਾਂ ਦੀਆਂ ਸਮੱਸਿਆਵਾਂ ਸੁਣੀਆਂ ਅਤੇ ਵਾਅਦਾ ਕੀਤਾ ਕਿ ਜ਼ਿਲ੍ਹਾ ਪ੍ਰਸ਼ਾਸ਼ਨ ਓਹਨਾ ਦੀਆਂ ਹਰੇਕ ਪ੍ਰਕਾਰ ਦੀਆਂ ਜਾਇਜ਼ ਮੁਸ਼ਿਕਲਾਂ ਨੂੰ ਪਹਿਲ ਦੇ ਅਧਾਰ 'ਤੇ ਹੱਲ ਕਰਾਏਗਾ। ਓਹਨਾ ਕਿਹਾ ਕਿ ਓਹ ਹਮੇਸ਼ਾ ਸੱਚੀ ਤੇ ਵਧੀਆ ਲੇਖਣੀ ਦੇ ਕਾਇਲ ਹਨ। ਇਸ ਮੌਕੇ ਡਿਪਟੀ ਕਮਿਸ਼ਨਰ ਨੇ ਆਪਣੇ ਨਿੱਜੀ ਤਜ਼ੁਰਬੇ ਵੀ ਸਾਂਝੇ ਕੀਤੇ। ਓਹਨਾ ਕਿਹਾ ਕਿ ਓਹ ਜ਼ਮੀਨ ਨਾਲ ਜੁੜੇ ਹੋਏ ਹਨ ਅਤੇ ਲੋਕਾਂ ਦੀਆਂ ਭਾਵਨਾਵਾਂ, ਸਮੱਸਿਆਵਾਂ ਤੋਂ ਭਲੀ ਭਾਂਤ ਸਮਝਦੇ ਹਨ। ਕਲੱਬ ਪ੍ਰਧਾਨ ਗੁਰਨਾਮ ਸਿੱਧੂ ਅਤੇ ਵਿਜੇ ਸ਼ਰਮਾ ਵੱਲੋਂ ਡਿਪਟੀ ਕਮਿਸ਼ਨਰ ਨੂੰ ਪੱਤਰਕਾਰਤਾ ਕਰਨ ਦੌਰਾਨ ਆਉਂਦੀਆਂ ਦਿੱਕਤਾਂ ਤੋਂ ਜਾਣੂ ਕਰਵਾਇਆ ਗਿਆ ਅਤੇ ਪ੍ਰਸ਼ਾਸ਼ਨ ਨੂੰ ਹਰ ਚੰਗੇ ਕੰਮ ਵਿਚ ਸਹਯੋਗ ਦੇਣ ਦਾ ਵਚਨ ਦਿੱਤਾ। ਇਸ ਮੌਕੇ ਪ੍ਰੈੱਸ ਕਲੱਬ ਵਿਚ ਪੱਤਰਕਾਰ ਜਸਪਾਲ ਜੋਸਨ, ਮਹਾਂਵੀਰ ਝੋਕ, ਜਤਿੰਦਰ ਪਿੰਕਲ, ਗੁਰਨਾਮ ਸਿੱਧੂ ਨੇ ਗੀਤ ਅਤੇ ਗ਼ਜ਼ਲਾਂ ਸੁਣਾ ਕੇ ਮਾਹੌਲ ਨੂੰ ਰੰਗੀਨ ਬਣਾ ਦਿੱਤਾ। ਇਸ ਮੌਕੇ ਸਤਲੁਜ ਪ੍ਰੈੱਸ ਕਲੱਬ ਦੇ ਪ੍ਰਧਾਨ ਗੁਰਨਾਮ ਸਿੱਧੂ, ਚੇਅਰਮੈਨ ਵਿਜੇ ਸ਼ਰਮਾ, ਗੁਰਦਰਸ਼ਨ ਸੰਧੂ, ਅਸ਼ੋਕ ਵਿਲਾਸਰਾ, ਨਰਿੰਦਰ ਕੇਸਰ, ਮਨੋਹਰ ਲਾਲ, ਕੰਵਰਜੀਤ ਸੰਧੂ, ਸੁਖਵਿੰਦਰ ਸੁੱਖ, ਕਪਿਲ ਸੇਠੀ, ਰਾਕੇਸ਼ ਕਪੂਰ, ਸੁਖਵਿੰਦਰ ਸਿੰਘ, ਅਮਨ ਅਰੋੜਾ, ਤਰੁਣ ਜੈਨ ਆਦਿ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਸੀਵਰੇਜ ਬੋਰਡ ਦੇ ਅਧਿਕਾਰੀ ਤੇ ਕਰਮਚਾਰੀਆਂ ਨਾਲ ਐਮ .ਐਲ .ਏ ਹਲਕਾ ਸ਼ਹਿਰੀ ਵੱਲੋਂ ਦੂਰ -ਵਿਹਾਰ ਕਰਨ ਸਬੰਧੀ ਧਰਨਾ 11 ਅਗਸਤ ਨੂੰ

ਫ਼ਿਰੋਜ਼ਪੁਰ 10 ਅਗਸਤ (ਮਨੋਹਰ ਲਾਲ): ਐਮ.ਐਲ.ਏ ਹਲਕਾ ਵਿਧਾਇਕ ਸ਼ਹਿਰੀ ਤੇ ਉਹਨਾਂ ਦੇ ਪੀ .ਏ ਵੱਲੋਂ ਸੀਵਰੇਜ ਬੋਰਡ ਦੇ ਅਧਿਕਾਰੀ ਤੇ ਕਰਮਚਾਰੀ ਜੱਥੇਬੰਦੀ ਦੇ ਪ੍ਰਧਾਨ ਨਾਲ ਦੁਰ-ਵਿਹਾਰ ਕਰਨ ਤੇ ਠੇਕਾ ਮੁਲਾਜ਼ਮ ਮੋਰਚਾ ਪੰਜਾਬ ਤੇ ਸਿਵਰੇਜ ਬੋਰਡ ਮੁਲਾਜਮ ਜਥੇਬੰਦੀ ਵੱਲੋਂ 11 ਅਗਸਤ ਨੂੰ ਸੀਵਰੇਜ ਬੋਰਡ ਦੇ ਕੰਮ ਮੁਕੰਮਲ ਬੰਦ ਕਰਕੇ ਸਿਵਰੇਜ ਬੋਰਡ ਦੇ ਦਫਤਰ ਸਾਹਮਣੇ ਧਰਨਾ ਦਿੱਤਾ ਜਾਵੇਗਾ । ਇਸ ਸਬੰਧੀ ਜਾਣਕਾਰੀ ਦੇਦਿਆਂ ਜਥੇਬੰਦੀ ਦੇ ਸੂਬਾ ਪ੍ਰਧਾਨ ਸੇਰ ਸਿੰਘ ਖੰਨਾ ਨੇ ਦੱਸਿਆ ਕਿ ਕੁਝ ਦਿਨ ਪਹਿਲਾਂ ਫਿਰੋਜਪੁਰ ਸ਼ਹਿਰੀ ਹਲਕਾ ਦੇ ਐਮ.ਐਲ .ਏ ਅਤੇ ਉਹਨਾਂ ਦੇ ਪੀ.ਏ ਵੱਲੋਂ ਸਿਵਰੇਜ ਬੋਰਡ ਦੀ ਸਫਾਈ ਲਈ ਆਈਆਂ ਨਵੀਆਂ ਮਸ਼ੀਨਾਂ ਦੇ ਉਦਘਾਟਨ ਮੌਕੇ ਸੀਵਰੇਜ ਬੋਰਡ ਮੁਲਾਜ਼ਮ ਜਥੇਬੰਦੀ ਦੇ ਜਿਲਾ ਪ੍ਰਧਾਨ ਗਗਨਦੀਪ ਸਿੰਘ ਵੱਲੋਂ ਪਾਣੀ ਦੀ ਸਪਲਾਈ ਸਬੰਧੀ ਆਏ ਆਡੀਓ ਨੂੰ ਲੈ ਕੇ ਸਥਾਨਕ ਐਮ.ਐਲ.ਏ ਵੱਲੋਂ ਕਾਰਜਕਾਰੀ ਇੰਜੀਨੀਅਰ ਨੂੰ ਆਪਣੀ ਤਾਕਤ ਦੇ ਨਸ਼ੇ ਵਿੱਚ ਚੂਰ ਹੋ ਕੇ ਮੁਲਾਜ਼ਮਾਂ ਪ੍ਰਤੀ ਸਖਤ ਹਦਾਇਤਾਂ ਦਿੱਤੀਆਂ ਗਈਆਂ , ਇਸ ਤੋਂ ਬਾਅਦ ਕਾਰਜਕਾਰੀ ਇੰਜੀਨੀਅਰ ਨੇ ਜਥੇਬੰਦੀ ਦੇ ਜਿਲਾ ਪ੍ਰਧਾਨ ਗਗਨਦੀਪ ਸਿੰਘ ਨੂੰ ਬੁਲਾ ਕੇ ਉਹਨਾਂ ਸ਼ਬਦਾਂ ਦੀ ਵਰਤੋਂ ਕਰਦੇ ਹੋਏ ਹਦਾਇਤਾ ਅਤੇ ਤਾੜਨਾ ਕੀਤੀ ਗਈ, ਜਿਸ ਕਾਰਨ ਕਰਮਚਾਰੀਆਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ।

ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ ਅਤੇ ਸੀਵਰੇਜ ਬੋਰਡ ਦੀ ਜਥੇਬੰਦੀ ਵੱਲੋਂ ਸਖਤ ਚੇਤਾਵਨੀ ਦਿੰਦੇ ਹੋਏ ਕਿਹਾ ਕਿ ਜੇਕਰ ਜਲਦੀ ਕਾਰਵਾਈ ਨਾ ਕੀਤੀ ਗਈ ਤਾਂ ਐਮ. ਐਲ .ਏ ਤੇ ਉਹਨਾਂ ਦੇ ਪੀ .ਏ ਵਿਰੁੱਧ 11 ਅਗਸਤ ਨੂੰ ਵਾਟਰ ਸਪਲਾਈ ਅਤੇ ਸੀਵਰਜ ਬੋਰਡ ਦੇ ਕੰਮ ਮੁਕੰਮਲ ਬੰਦ ਕਰਕੇ ਦਫਤਰ ਵਿਖੇ ਧਰਨਾ ਦਿੱਤਾ ਜਾਵੇਗਾ। ਜਿਸ ਦੀ ਸਾਰੀ ਜਿੰਮੇਵਾਰੀ ਐਮ.ਐਲ.ਏ ਹਲਕਾ ਵਿਧਾਇਕ ਸ਼ਹਿਰੀ ਦੀ ਹੋਵੇਗੀ ਉਹਨਾਂ ਨੇ ਸਮੂਹ ਭਰਾਤਰੀ ਜਥੇਬੰਦੀਆਂ ਨੂੰ ਧਰਨੇ ਵਿੱਚ ਸ਼ਾਮਿਲ ਹੋਣ ਦੀ ਅਪੀਲ ਕੀਤੀ।

ਆਵਾਜ਼ਿ ਕੌਮ AWAZE QAUM International Newspaper & WEB TV

# ਸਟਰੀਮ ਲਾਈਨ ਵੈਲਫੇਅਰ ਸੋਸਾਇਟੀ ਵੱਲੋਂ ਸਕੂਲ ਸਟਾਫ ਦੇ ਸਹਿਯੋਗ ਨਾਲ ਲਾਏ ਰੁੱਖ



**ਫ਼ਿਰੋਜ਼ਪੁਰ, 10 ਅਗਸਤ (ਮਨੋਹਰ ਲਾਲ)**-ਸਮਾਜ ਸੇਵੀ ਸੰਸਥਾ ਸਟਰੀਮ ਲਾਈਨ ਵੈਲਫੇਅਰ ਸੋਸਾਇਟੀ ਫਿਰੋਜ਼ਪੁਰ ਵੱਲੋਂ ਸਰਕਾਰੀ ਪ੍ਰਾਇਮਰੀ ਮਾਡਲ ਸਕੂਲ ਫਿਰੋਜ਼ਪੁਰ ਵਿਖੇ ਵੱਖ -ਵੱਖ ਤਰ੍ਹਾਂ ਦੇ ਫਲਦਾਰ ਅਤੇ ਛਾਂਦਾਰ ਬੂਟੇ ਲਗਾਏ ਗਏ, ਇਸ ਸਮੇਂ ਦੀਵਾਨ ਚੰਦ ਸੁਖੀਜਾ ਚੇਅਰਮੈਨ, ਕਿਸ਼ਨ ਚੰਦ ਜਾਗੋਵਾਲੀਆ ਪ੍ਰਧਾਨ ਅਤੇ ਮੈਡਮ ਜਸਵਿੰਦਰ ਕੌਰ ਸੈਂਟਰ ਹੈਡ ਟੀਚਰ ਦੀ ਅਗਵਾਈ ਹੇਠ ਬੂਟੇ ਲਾਏ । ਇਸ ਸਮੇਂ ਦੀਵਾਨ ਚੰਦ ਸਖੀਜਾ ਨੇ ਦੱਸਿਆ ਕਿ ਸਾਨੂੰ ਵੱਧ ਤੋਂ ਵੱਧ ਰੁੱਖ ਲਾਉਣੇ ਚਾਹੀਦੇ ਕਿਉਂਕਿ ਰੁੱਖਾਂ ਨਾਲ ਹੀ ਜੀਵਨ ਹੈ, ਰੁੱਖਾਂ ਤੋਂ ਸਾਨੂੰ ਆਕਸੀਜਨ ,ਫਲ, ਛਾ ਮਿਲਦੀ ਹੈ। ਇਸ ਸਮੇਂ ਸਕੂਲ ਦੇ ਸਮੂਹ ਸਟਾਫ ਵੱਲੋਂ ਸਟਰੀਮ ਲਾਈਨ ਵੈਲਫੇਅਰ ਸੋਸਾਇਟੀ ਦੇ ਅਹੁਦੇਦਾਰਾਂ ਦਾ ਇਸ ਸ਼ੁਭ ਕੰਮ ਲਈ ਧੰਨਵਾਦ ਕੀਤਾ । ਇਸ ਸਮੇਂ ਸਕੂਲ ਸਟਾਫ ਤੋਂ ਇਲਾਵਾ ਬਲਬੀਰ ਸਿੰਘ ਗੋਖੀਵਾਲਾ, ਦਲਜੀਤ ਸਿੰਘ ਯਾਰੇਸ਼ਾਹ ਵਾਲਾ, ਸੂਬਾ ਸਿੰਘ ਹਬੀਬ ਵਾਲਾ ਹਾਜਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਸਮਾਜ ਸੇਵੀ ਹਰਜਿੰਦਰ ਸਿੰਘ ਜਲਾਲ ਉਸਮਾ ਠੇਕੇਦਾਰ ਲਖਵਿੰਦਰ ਸਿੰਘ ਜਲਾਲ ਉਸਮਾ ਦੇ ਭਰਾ ਹੋਇਆ ਦਾ ਦੇਹਾਂਤ



ਚੌਕ ਮਹਿਤਾ 10 ਅਗਸਤ ( ਬਾਬਾ ਸੁਖਵੰਤ ਸਿੰਘ ਚੰਨਣਕੇ ) ਆਕਾਸ਼ ਟਰਾਂਸਪੋਰਟ ਡੁੱਬਈ ਦੇ ਮਾਲਕ ਸ, ਜਗੀਰ ਸਿੰਘ ਰੰਧਾਵਾ ਦੇ ਸਪੁੱਤਰ , ਹਲਕਾ ਜੰਡਿਆਲਾ ਗੁਰੂ ਦੇ ਆਮ ਆਦਮੀ ਦੇ ਸੀਨੀਅਰ ਲੀਡਰ ਹਰਜਿੰਦਰ ਸਿੰਘ ਰੰਧਾਵਾ, ਠੇਕੇਦਾਰ ਲਖਵਿੰਦਰ ਸਿੰਘ ਜਲਾਲ ਉਸਮਾ ਭਰਾ ਸ, ਬਲਵਿੰਦਰ ਸਿੰਘ ਰੰਧਾਵਾ ਜਲਾਲ ਉਸਮਾ ਦਾ ਅੱਜ ਸੰਖੇਪ ਬਿਮਾਰੀ ਕਾਰਣ ਮੌਤ ਹੋ ਚੁੱਕੀ ਹੈ, ਮਿਰਤਕ ਬਲਵਿੰਦਰ ਸਿੰਘ ਦੀ ਤਕਰੀਬਨ ਉਮਰ 60 ਸਾਲ ਸੀ। ਬਲਵਿੰਦਰ ਸਿੰਘ ਰੰਧਾਵਾ ਜਲਾਲ ਉਸਮਾ ਪਿਛਲੇ ਕੁਝ ਦਿਨਾ ਤੋਂ ਬਿਮਾਰ ਸਨ। ਬਲਵਿੰਦਰ ਸਿੰਘ ਰੰਧਾਵਾ ਜਲਾਲ ਉਸਮਾ ਸੰਸਕਾਰ ਕੱਲ 1 ਵਜੇ ਉਨ੍ਹਾਂ ਦੇ ਪਿੰਡ ਦੇ ਸਮਸਾਨ ਘਾਟ ਵਿੱਚ ਕੀਤਾ ਜਾਵੇਗਾ।

ਆਵਾਜ਼ਿ ਕੌਮ AWAZE QAUM International Newspaper & WEB TV

# ਦੋ ਸਾਲ ਦੀ ਮਿਹਨਤ ਸਦਕਾ ਮਿਊਨਸੀਪਲ ਕਮੇਟੀ ਵੱਲੋਂ ਕੂੜਾ ਡੰਪ ਦੇ ਸਥਾਨ ਦੀ ਤਬਦੀਲੀ ਤੋਂ ਬਾਅਦ ਗਰੁੱਪ ਮੈਂਬਰਾਂ ਵੱਲੋਂ ਆਪਣੇ ਹੱਥੀ ਸਫਾਈ ਕਰਕੇ ਬਗੀਚੇ ਦਾ ਰੂਪ ਦੇਣ ਦਾ ਕੀਤਾ ਗਿਆ ਉਪਰਾਲਾ



ਫ਼ਿਰੋਜ਼ਪੁਰ 10 ਅਗਸਤ (ਮਨੋਹਰ ਲਾਲ): ਤਕਰੀਬਨ 2 ਸਾਲ ਦੀ ਮਿਹਨਤ ਸਦਕਾ, ਸਵਤੰਤਰਤਾ ਸੰਗਰਾਮੀ ਸਤਿਆ ਪਾਲ ਬਾਗੀ ਯਾਦਗਾਰੀ ਪਾਰਕ ਦੇ ਮੁੱਖ ਦਰਵਾਜੇ ਦੇ ਸਾਹਮਣੇ, ਮਿਊਂਸੀਪਲ ਕਮੇਟੀ ਦੇ ਕੂੜਾ ਡੰਪ ਨੂੰ ਮਾਨਯੋਗ, ਡਿਪਟੀ ਕਮਿਸ਼ਨਰ, ਫਿਰੋਜਪੁਰ ਦੇ ਨਿਰਦੇਸ਼ ਉਪਰਾਂਤ, ਸਥਾਨ ਤਬਦੀਲੀ ਬਾਦ, ਕੂੜਾ ਸਥਾਨ ਨੂੰ ਪਾਰਕ ਦੇ ਸਮਾਜਿਕ ਗਰੁੱਪ ਵਲੋਂ, ਆਪਨੀ ਹੱਥੀ, ਝਾੜੂ ਨਾਲ , ਦੋ ਦਿਨਾ ਸਫਾਈ ਅਭਿਆਨ ਤੋਂ ਬਾਦ, 101 ਪੌਦੇ ਲਾ ਕੇ, ਕੂੜਾ ਸਥਾਨ ਨੂੰ ਹਰਿਆਲੀ ਲਹਿਰ ਤਹਿਤ, ਸ਼ੁੱਧ ਵਾਤਾਵਰਨ ਸਹਿਯੋਗੀ ਬਗੀਚੇ ਦਾ ਰੂਪ ਦੇਣ ਦਾ ਇਮਾਨਦਾਰ ਉਪਰਾਲਾ ਕੀਤਾ ਗਿਆ। ਜਿਸ ਵਿਚ ਸ਼੍ਰੀ ਗੁਲਾਬ ਸਿੰਘ ਸੰਧੂ, ਐਸ ਡੀ ਉ, ਸਿੰਚਾਈ ਵਿਭਾਗ, ਬਲਵੰਤ ਸਿੰਘ, ਰਿਟਾਇਰਡ ਐਸ ਆਈ, ਰੇਲਵੇ, ਰਣਧੀਰ ਸ਼ਰਮਾ ਜੀ, ਸਤਨਾਮ ਸਿੰਘ, ਬੈਂਕ ਪ੍ਰਬੰਧਕ, ਪੁਨੂੰ ਰਾਮ, ਵਿਨੋਦ ਨਰੂਲਾ ਤੇ ਹਾ ਹਾ ਬੀ ਹੈਪੀ ਗਰੁੱਪ , ਯੋਗ ਵਿੰਗ ਤੋਂ , ਗਰੁੱਪ ਕੋਆਰਡੀਨੇਟਰ ਦੇਵ ਰਾਜ ਖੁੱਲਰ, ਜੁਗਲ ਸ਼ਰਮਾ ਯੋਗ ਗੁਰੂ, ਰੋਸ਼ਨ ਬਾਜਾਜ, ਡਾ. ਸੁਰਿੰਦਰ ਕਪੂਰ, ਅਸ਼ਵਨੀ ਗੁਪਤਾ, ਮੇਹਰ ਸਿੰਘ, ਗੌਰਵ ਸਹਿਗਲ, ਮੱਖਣ ਲਾਲ, ਸੁਖਵਿੰਦਰ ਸਿੰਘ, ਵਿਜੇ ਸਲੂਜਾ, ਰਾਜਨ ਮੰਨਚੰਦਾ ਤੇ ਹੋਰ ਸਮਾਜਿਕ ਸੋਚ ਵਾਲੇ ਪਾਰਕ ਸਾਥੀਆਂ ਵੱਲੋਂ ਖੁੱਦ ਟੋਏ ਕਰਕੇ ਪੌਦੇ ਲਗਾਏ ਗਏ। ਸ੍ਰੀ ਗੁਲਾਬ ਸਿੰਘ ਸੰਧੂ ਅਤੇ ਗਰੁੱਪ ਕੋਆਰਡੀਨੇਟਰ ਦੇਵ ਰਾਜ ਖੁੱਲਰ ਵੱਲੋਂ ਸ਼ਹਿਰ ਵਾਸੀਆਂ ਤੋਂ, ਜਿਥੇ ਗੰਦ, ਕੂੜਾ ਨਾ ਸੁੱਟ, ਹਰਿਆ ਚੋਗਿਰਦਾ ਸਿਰਜਣ ਚ ਸਹਾਇਤਾ ਦੀ ਬੇਨਤੀ ਕੀਤੀ ਗਈ ਉੱਥੇ ਪ੍ਰਸਾਸ਼ਨ ਦਾ ਵੀ ਧੰਨਵਾਦ ਕੀਤਾ ਗਿਆ।

ਆਵਾਜ਼ਿ ਕੌਮ AWAZE QAUM International Newspaper & WEB TV

### ਸਕੂਲ ਆਫ ਐਮੀਨੈਂਸ ਵਿੱਚ

# ਬੈਡਮਿੰਟਨ ਦੇ ਜ਼ੋਨਲ ਮੁਕਾਬਲੇ ਕਰਵਾਏ ਗਏ



**ਫ਼ਿਰੋਜ਼ਪੁਰ, 10 ਅਗਸਤ (ਮਨੋਹਰ ਲਾਲ)**-ਪੰਜਾਬ ਸਰਕਾਰ ਵੱਲੋਂ ਖੇਡਾਂ ਨੂੰ ਉਤਸਾਹਿਤ ਕਰਨ ਲਈ ਸਲਾਨਾ ਸਕੂਲ ਖੇਡਾਂ ਦੇ ਮੱਦੇਨਜ਼ਰ ਬਿਡਮਿੰਟਨ ਦੇ ਜੋਨਲ ਪੱਧਰ ਦੇ ਮੁਕਾਬਲੇ ਸਕੂਲ ਆਫ ਐਮੀਨੈਂਸ ਫਿਰੋਜ਼ਪੁਰ ਸ਼ਹਿਰ ਵਿਖੇ ਕਰਵਾਏ ਗਏ। ਇਨ੍ਹਾਂ ਮੁਕਾਬਲਿਆਂ ਵਿੱਚ ਬਲਾਕ ਇਕ ਦੇ ਲੜਕੇ ਅਤੇ ਲੜਕੀਆਂ ਦੀਆਂ ਅੰਡਰ 14,ਅੰਡਰ 17 ਅਤੇ ਅੰਡਰ 19 ਦੀਆਂ ਟੀਮਾਂ ਨੇ ਭਾਗ ਲਿਆ ਇਹ ਬਰਮਿੰਟਨ ਟੂਰਨਾਮੈਂਟ ਪ੍ਰਿੰਸੀਪਲ ਰਜੇਸ਼ ਮਹਿਤਾ, ਗੁਰਬਰਿੰਦਰ ਕੌਰ ਲੈਕਚਰਰ ਫਿਜੀਕਲ ਐਜੂਕੇਸ਼ਨ ਦੀ ਦੇਖਰੇਖ ਹੇਠ ਕਨਵੀਨਰ ਜਸਵਿੰਦਰ ਸਿੰਘ, ਬੈਡਮਿੰਟਨ ਕੋਚ ਸਤਿੰਦਰ ਸਿੰਘ, ਲੈਕ. ਫਿਜੀਕਲ ਐਜੂਕੇਸ਼ਨ ਸਾਂਦੇ ਹਾਸ਼ਮ, ਮੋਨਿਕਾ ਰਾਣੀ ਡੀਪੀਈ ਸਕੂਲ ਆਫ ਐਮੀਨੈਂਸ, ਅਮਨ ਡੀਪੀਈ ਸਰਕਾਰੀ ਹਾਈ ਸਕੂਲ ਝੋਕ ਹਰੀ ਹਰ ਅਤੇ ਅਮਨ ਸਪੋਰਟਸ ਟ੍ਰੇਨਰ ਸਕੂਲ ਆਫ ਐਮੀਨੈਂਸ ਵੱਲੋਂ ਸੁਚਾਰੂ ਢੰਗ ਨਾਲ ਕਰਵਾਏ ਗਏ। ਇੱਥੇ ਦੱਸਣ ਯੋਗ ਹੈ ਕਿ ਸਕੂਲ ਆਫ ਐਮੀਨੈਂਸ ਦਾ ਜਿਮਨੇਜੀਅਮ ਹਾਲ ਅੰਤਰਰਾਸ਼ਟਰੀ ਪੱਧਰ ਦੀ ਸਿੰਥੈਟਿਕ ਮੈਟ ਅਤੇ ਸੁਵਿਧਾਵਾਂ ਨਾਲ ਲੈਸ ਹੈ। ਜਿਸ ਵਿੱਚ ਖੇਡ ਕੇ ਇੰਝ ਪ੍ਰਤੀਤ ਹੁੰਦਾ ਹੈ ਕਿ ਜਿਵੇਂ ਖਿਡਾਰੀ ਅੰਤਰਰਾਸ਼ਟਰੀ ਟੂਰਨਾਮੈਂਟ ਵਿੱਚ ਖੇਡ ਰਿਹਾ ਹੋਵੇ ਬੀਤੇ ਦਿਨ ਚਾਰ ਦਿਨ ਚੱਲੇ ਇਸ ਜੋਨਲ ਬੈਡਮਿੰਟਨ ਮੁਕਾਬਲਿਆਂ ਵਿੱਚ ਲੜਕਿਆਂ ਅੰਡਰ 14 ਵਿੱਚ ਪਹਿਲਾ ਸਥਾਨ ਡੀਸੀ ਮਾਡਲ ਫਿਰੋਜ਼ਪੁਰ ਕੈਂਟ, ਦੂਸਰਾ ਸਥਾਨ ਦਿੱਲੀ ਪਬਲਿਕ ਸਕੂਲ ਅਤੇ ਤੀਸਰਾ ਸਥਾਨ ਸੇਂਟ ਜੋਸਫ ਕਾਨਵੈਂਟ ਸਕੂਲ ਨੇ ਪ੍ਰਾਪਤ ਕੀਤਾ। ਅੰਡਰ 17 ਵਿੱਚ ਪਹਿਲਾ ਸਥਾਨ ਡੀਸੀ ਮਾਡਲ ਕੈਂਟ, ਦੂਸਰਾ ਸਥਾਨ ਦਿੱਲੀ ਪਬਲਿਕ ਸਕੂਲ ਫਿਰੋਜ਼ਪੁਰ ਅਤੇ ਤੀਸਰਾ ਸਥਾਨ ਸੇਂਟ ਜੋਸਫ ਕਾਨਵੈਂਟ ਸਕੂਲ ਨੇ ਪ੍ਰਾਪਤ ਕੀਤਾ। ਅੰਡਰ 19 ਵਿੱਚ ਪਹਿਲਾ ਸਥਾਨ ਡੀਸੀ ਮਾਡਲ ਕੈਂਟ ਅਤੇ ਦੂਸਰਾ ਸਥਾਨ ਸਕੂਲ ਐਮੀਨੈਂਸ ਫਿਰੋਜ਼ਪੁਰ ਸ਼ਹਿਰ ਨੇ ਪ੍ਰਾਪਤ ਕੀਤਾ। ਇਸੇ ਤਰ੍ਹਾਂ ਲੜਕੀਆਂ ਦੇ ਮੁਕਾਬਲਿਆਂ ਵਿੱਚ ਅੰਡਰ 14 ਵਿੱਚ ਪਹਿਲਾ ਸਥਾਨ ਡੀਸੀ ਮਾਡਲ ਕੈਂਟ ਅਤੇ ਦੂਸਰਾ ਸਥਾਨ ਕੰਟੋਨਮੈਂਟ ਬੋਰਡ ਸਕੂਲ ਕੈਂਟ ਨੇ ਪ੍ਰਾਪਤ ਕੀਤਾ।ਅੰਡਰ 17 ਲੜਕੀਆਂ ਵਿੱਚ ਪਹਿਲਾ ਸਥਾਨ ਸਕੂਲ ਆਫ ਐਮੀਨੈਂਸ ਫਿਰੋਜ਼ਪੁਰ ਸ਼ਹਿਰ, ਦੂਸਰਾ ਸਥਾਨ ਕੰਟੋਨਮੈਂਟ ਬੋਰਡ ਫਿਰੋਜ਼ਪੁਰ ਕੈਂਟ ਅਤੇ ਤੀਸਰਾ ਸਥਾਨ ਸਨਸ਼ਾਈਨ ਸਕੂਲ ਫਿਰੋਜ਼ਪੁਰ ਕੈਂਟ ਨੇ ਪ੍ਰਾਪਤ ਕੀਤਾ। ਇਸੇ ਤਰ੍ਹਾਂ ਅੰਡਰ 19 ਲੜਕੀਆਂ ਵਿੱਚ ਪਹਿਲਾ ਸਥਾਨ ਡੀਸੀ ਮਾਡਲ ਕੈਂਟ, ਦੂਸਰਾ ਸਥਾਨ ਸੇਂਟ ਜੋਸਫ ਫਿਰੋਜ਼ਪੁਰ ਕੈਂਟ ਅਤੇ ਤੀਸਰਾ ਸਥਾਨ ਸਕੂਲ ਆਫ ਐਮੀਨੈਂਸ ਸ਼ਹਿਰ ਨੇ ਪ੍ਰਾਪਤ ਕੀਤਾ। ਇਸ ਮੌਕੇ ਜੇਤੂਆਂ ਨੂੰ ਵਧਾਈ ਦਿੰਦੇ ਹੋਏ ਪ੍ਰਿੰਸੀਪਲ ਰਜੇਸ਼ ਮਹਿਤਾ ਨੇ ਆਉਣ ਵਾਲੇ ਟੂਰਨਾਮੈਂਟ ਵਿੱਚ ਵਧੀਆ ਕਾਰਗੁਜ਼ਾਰੀ ਲਈ ਪ੍ਰੇਰਿਆ ਅਤੇ ਜੋ ਇਸ ਸਾਲ ਮੈਡਲ ਨਹੀਂ ਲਿਆ ਸਕੇ ਉਨ੍ਹਾਂ ਨੂੰ ਅੱਗੇ ਮਿਹਨਤ ਕਰਨ ਲਈ ਆਖਿਆ। ਇਸ ਮੌਕੇ ਸੀਨੀਅਰ ਫਿਜੀਕਲ ਐਜੂਕੇਸ਼ਨ ਲੈਕਚਰਾਰ ਗੁਰਬਰਿੰਦਰ ਨੇ ਖਿਡਾਰੀਆਂ ਨੂੰ ਉਤਸਾਹਿਤ ਕੀਤਾ।

ਆਵਾਜ਼ਿ ਕੌਮ AWAZE QAUM International Newspaper & WEB TV

### ਬਜੁਰਗ ਔਰਤ ਦੀ ਮੌਤ ਤੋਂ ਬਾਅਦ ਦੋ ਲੋਕਾਂ ਵੱਲੋਂ ਬੈਂਕ 'ਚ

# ਹੋਰ ਔਰਤ ਪੇਸ਼ ਕਰਕੇ ਕਢਵਾਇਆ ਪੈਨਸ਼ਨ ਦਾ 1 ਲੱਖ ਰੁਪਏ

**ਫ਼ਿਰੋਜ਼ਪੁਰ 10 ਅਗਸਤ (ਮਨੋਹਰ ਲਾਲ)**-ਫਿਰੋਜ਼ਪੁਰ ਦੇ ਅਧੀਨ ਆਉਂਦੇ ਝੁੱਗੇ ਕੇਸਰ ਸਿੰਘ ਵਾਲੇ ਵਿਖੇ ਨਹਿਰੀ ਮਹਿਕਮੇ ਫਿਰੋਜ਼ਪੁਰ ਪਾਸੋਂ ਇਕ ਔਰਤ ਦੀ ਮੌਤ ਤੋਂ ਬਾਅਦ ਬੈਂਕ ਵਿਚ ਕੋਈ ਹੋਰ ਜਨਾਨੀ ਪੇਸ਼ ਕਰਕੇ ਬੈਂਕ ਵਿਚੋਂ 1 ਲੱਖ ਰੁਪਏ ਦੋ ਲੋਕਾਂ ਵੱਲੋਂ ਕਢਵਾਉਣ ਦੀ ਸੂਚਨਾ ਮਿਲੀ ਹੈ। ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦੇ ਹੋਏ ਸੁਰਜੀਤ ਸਿੰਘ ਪੁੱਤਰ ਜਿੰਦਾ ਸਿੰਘ ਵਾਸੀ ਪਿੰਡ ਝੁੱਗੇ ਕੇਸਰ ਸਿੰਘ ਵਾਲੇ ਫਿਰੋਜਪੁਰ ਨੇ ਦੱਸਿਆ ਕਿ ਉਸ ਦੀ ਮਾਤਾ ਧੰਨੋ ਬੀਬੀ ਪਤਨੀ ਜਿੰਦਾ ਸਿੰਘ ਨੂੰ ਨਹਿਰ ਮਹਿਕਮੇ ਫਿਰੋਜ਼ਪੁਰ ਪਾਸੋਂ ਮੇਰੀ ਮਾਤਾ ਨੂੰ ਪੈਨਸ਼ਨ ਆਉਂਦੀ ਸੀ ਤੇ ਮੇਰੀ ਮਾਤਾ ਦਾ ਖਾਤਾ ਸਟੇਟ ਬੈਂਕ ਆਫ ਇੰਡੀਆ ਫਿਰੋਜ਼ਪੁਰ ਸ਼ਹਿਰ ਵਿਚ ਪੈਨਸ਼ਨ ਆਉਂਦੀ ਸੀ ਤੇ ਮੇਰੀ ਮਾਤਾ ਦੀ ਮਿਤੀ 4 ਦਸੰਬਰ 2023 ਨੂੰ ਮੌਤ ਹੋ ਚੁੱਕੀ ਸੀ ਤੇ ਮੌਤ ਹੋਣ ਤੋਂ ਬਾਅਦ ਵੀ ਬੈਂਕ ਵਿਚ ਪੈਨਸ਼ਲ ਆਉਂਦੀ ਰਹੀ ਹੈ। ਸੁਰਜੀਤ ਸਿੰਘ ਨੇ ਦੱਸਿਆ ਕਿ ਦੋਸ਼ੀਅਨ ਸ਼ਾਂਤੀ ਦੇਵੀ ਪਤਨੀ ਸ਼ੇਰ ਸਿੰਘ ਅਤੇ ਗੁਰਨਾਮ ਸਿੰਘ ਪੁੱਤਰ ਠਾਕੁਰ ਸਿੰਘ ਵਾਸੀ ਖੁੰਦਰ ਗੱਟੀ ਫਿਰੋਜ਼ਪੁਰ ਮੇਰੇ ਘਰ ਆਏ ਤੇ ਕਹਿੰਦੇ ਕਿ ਤੁਹਾਡੀ ਮਾਤਾ ਦਾ ਮੌਤ ਦਾ ਸਰਟੀਫਿਕੇਟ ਬਣਵਾ ਦਿੰਦੇ ਹਾਂ ਤੇ ਇਸ ਤਰ੍ਹਾਂ ਉਕਤ ਦੋਸ਼ੀ ਚਾਰ ਪੰਜ ਦਿਨ ਮੇਰੇ ਘਰ ਗੇਡੇ ਮਾਰਦੇ ਰਹੇ ਤੇ ਉਨ੍ਹਾਂ ਦੇ ਕਹਿਣ ਤੇ ਮੈਂ ਉਨ੍ਹਾਂ ਨੂੰ ਆਪਣੀ ਮਾਤਾ ਦਾ ਆਧਾਰ ਕਾਰਡ ਤੇ ਬੈਂਕ ਦੀ ਕਾਪੀ ਮਿਤੀ 2 ਅਗਸਤ 2024 ਨੂੰ ਦੇ ਦਿੱਤੀ।ਉਕਤ ਦੋਸ਼ੀਅਨ ਨੇ ਹੋਰ ਜਨਾਨੀ ਬੈਂਕ ਵਿਚ ਲਿਜਾ ਕੇ ਮੇਰੀ ਮਾਤਾ ਦੇ ਖਾਤੇ ਵਿਚੋਂ ਦੋ ਵਾਰ 50-50 ਹਜ਼ਾਰ ਰੁਪਏ ਕਢਵਾ ਲਏ। ਇਸ ਵਾਰ ਸਾਨੂੰ ਮਿਤੀ 5 ਅਗਸਤ 2024 ਨੂੰ ਪਤਾ ਲੱਗਾ, ਜਦ ਅਸੀਂ ਬੈਂਕ ਵਿਚ ਜਾ ਕੇ ਪਤਾ ਲਗਾ ਕਿ ਅਸੀਂ ਉਨ੍ਹਾਂ ਨੂੰ ਕਿਹਾ ਕਿ ਸਾਡੀ ਮਾਤਾ ਦੇ ਖਾਤੇ ਵਿਚ ਕਿਸੇ ਨੇ 1 ਲੱਖ ਰੁਪਏ ਕਢਵਾ ਲਏ। ਪੀੜ੍ਹਤ ਨੇ ਕਿਹਾ ਕਿ ਸਾਡੀ ਮਾਤਾ ਦੀ ਮੌਤ ਹੋ ਚੁੱਕੀ ਹੈ ਤੇ ਇਸ ਬਾਅਦ ਬੈਂਕ ਵਾਲਿਆਂ ਨੇ ਕਿਹਾ ਕਿ ਤੁਸੀਂ ਉਕਤ ਦੋਸ਼ੀਅਨ ਦੇ ਖਿਲਾਫ ਪੁਲਿਸ ਥਾਣੇ ਵਿਚ ਦਰਖਾਸਤ ਦਿਓ। ਪੀੜ੍ਹਤ ਵਿਅਕਤੀ ਨੇ ਸਬੰਧਤ ਥਾਣੇ ਨੂੰ ਬੇਨਤੀ ਕੀਤੀ ਹੈ ਕਿ ਉਕਤ ਦੋਸ਼ੀਅਨ ਖਿਲਾਫ ਸਖਤ ਤੋਂ ਸਖਤ ਕਾਨੂੰਨੀ ਕਾਰਵਾਈ ਕੀਤੀ ਜਾਵੇ ਤੇ ਸਾਨੂੰ ਇਨਸਾਫ ਦੁਆਇਆ ਜਾਵੇ।

**ਪੀੜ੍ਹਤ ਪਰਿਵਾਰ ਨੇ ਕਾਰਵਾਈ ਕਰਨ ਦੀ ਕੀਤੀ ਮੰਗ**

ਆਵਾਜ਼ਿ ਕੌਮ AWAZE QAUM International Newspaper & WEB TV



# ਇਲਾਜ ਨਾਲੋਂ ਪ੍ਰਹੇਜ ਚੰਗਾ ਦਾ ਹਜ਼ਾਰਾਂ ਬੱਚਿਆ ਲਿਆ ਹਲਫ : ਪੀਸੀ ਕੁਮਾਰ



**ਫ਼ਿਰੋਜ਼ਪੁਰ 10 ਅਗਸਤ (ਮਨੋਹਰ ਲਾਲ):** ਅੱਜ ਸਕੂਲ ਵਿਚ ਬੱਚੇ, ਅਧਿਆਪਕ ਅਤੇ ਮਾਪਿਆਂ ਦੇ ਇਕੱਠ ਵਿਚ ਪੀਸੀ ਕੁਮਾਰ ਸੇਵਾ ਮੁਕਤ ਮਾਸ ਮੀਡੀਆ ਅਫਸਰ ਸਿਹਤ ਵਿਭਾਗ ਸੀਨੀਅਰ ਸਿਟੀਜਨ ਸਮਾਜ ਸੇਵੀ ਸੰਸਥਾਵਾਂ ਦੇ ਮੁੱਖ ਕਾਰਜਕਰਤਾ ਸਦਾ ਵਰਤ ਪੰਚਾਇਤੀ ਦੇ ਸੰਚਾਲਕ ਸਮਾਜ ਸੁਥਾਰਕ ਵੱਲੋਂ ਅੱਜ ਇਲਾਜ ਨਾਲੋਂ ਪਰਹੇਜ ਚੰਗਾ ਗੱਲ ਪ੍ਰਗਟ ਕਰਦੇ ਹੋਏ ਇਸ ਗਲ ਤੇ ਜੋਰ ਦਿੱਤਾ ਕਿ ਜਿੰਨੀਆਂ ਵੀ ਸਰੀਰਿਕ ਬਿਮਾਰੀਆਂ ਮਾਨਸਿਕ ਪ੍ਰੇਸ਼ਾਨੀਆਂ ਸਮਾਜਿਕ ਕੁਰੀਤੀਆਂ ਘਰ, ਸਕੂਲ, ਸਮਾਜ, ਦੇਸ਼ ਦੁਨੀਆਂ ਵਿਚ ਵੇਖਣ ਵਿਚ ਆ ਰਹੀਆਂ ਹਨ, ਉਨ੍ਹਾਂ ਦਾ ਮੁੱਖ ਕਾਰਨ ਸਾਡੇ ਵਿਚ ਸਿਹਤ ਪੱਖੋਂ ਵਿਚਾਰਧਾਰਾ ਕੁਝ ਖਾਣ ਪੀਣ ਰਹਿਣ ਸਹਿਣ ਆਦਤਾਂ ਤੇ ਕੰਮ ਠੀਕ ਨਹੀਂ ਹਨ। ਜਦਕਿ ਕਿਹਾ ਜਾਂਦਾ ਹੈ ਰੱਖੋਂ ਤਨ, ਮਨ ਆਲੇ ਦੁਆਲੇ ਦੀ ਸਫਾਈ ਫਿਰ ਲੋੜ ਦੀ ਦਵਾਈ ਜਦੋਂਕਿ ਅਸੀ ਜੋ ਫਾਸਟ ਫੂਡ ਖਾ ਰਹੇ ਹਾਂ, ਗਲੀਆਂ ਸੜੀਆਂ ਬਿਹੀਆਂ ਚੀਜਾਂ ਖਾ ਰਹੇ ਹਾਂ ਟੋਕਸੀਕੇਡਡ ਨਸ਼ਿਆਂ ਦੀ ਵਰਤੋਂ ਕਰ ਰਹੇ ਹਾਂ ਅਤੇ ਟੱਚ ਵਾਲੇ ਮੋਬਾਇਲ ਦਾ ਬੱਚੇ ਤੋਂ ਬੁੱਢੇ ਤੱਕ ਔਰ ਜਿਸ ਸਦਕਾ ਜੋ ਬਿਮਾਰੀਆਂ ਵੇਖਣ ਵਿਚ ਆ ਰਹੀਆਂ ਹਨ। ਸਾਡਾ ਖਾਣ ਪੀਣ ਰਹਿਣ ਸਹਿਣ ਦਾ ਨਤੀਜਾ ਹੈ। ਅੱਜ ਬੱਚਿਆਂ ਅਤੇ ਟੀਚਰਾਂ ਨੇ ਪ੍ਰਣ ਲਿਆ ਕਿ ਅਸੀਂ ਇਨ੍ਹਾਂ ਬਜ਼ਾਰੀ ਚੀਜਾਂ, ਟੱਚ ਵਾਲੇ ਮੋਬਾਇਲ ਦੀ ਵਰਤੋਂ ਨਹੀਂ ਕਰਾਂਗੇ। ਮੌਸਮੀ ਬਿਮਾਰੀਆਂ ਤੋਂ ਬਚਣ ਲਈ ਘਰ ਵਿਚ ਪਾਣੀ ਨਹੀਂ ਇਕੱਠਾ ਹੋਣ ਦਿਆਂਗੇ। ਨੈਤਿਕ ਸਕੂਲ ਸਮਾਜ ਦੇਸ਼ ਦੁਨੀਆਂ ਵਿਚ ਬਾਲ ਕਰਾਂਗੇ। ਆਪਣੇ ਆਪ ਵੀ ਸੁਧਾਰ ਕੇ ਅਸੀਂ ਪਰਿਵਾਰ ਸਕੂਲ ਸਮਾਜ ਨੂੰ ਸੁਧਾਰ ਕੇ ਸ਼ਹੀਦਾਂ ਦੇ ਸੁਪਨਿਆਂ ਦਾ ਭਾਰਤ ਬਨਾਉਣ ਲਈ ਪ੍ਰਣ ਕਰਦੇ ਹਾਉਂ ਆਖਿਰ ਵਿਚ ਪ੍ਰਿੰਸੀਪਲ ਵੱਲੋਂ ਪੀਸੀ ਕੁਮਾਰ ਆਏ ਸਾਥੀਆਂ ਦਾ ਧੰਨਵਾਦ ਕੀਤਾ।

ਆਵਾਜ਼ਿ ਕੌਮ AWAZE QAUM International Newspaper & WEB TV

# ਸਿਆਰਾਮ ਵੈਲਫੇਅਰ ਸੁਸਾਇਟੀ ਦੇ ਮੈਂਬਰਾਂ ਵੱਲੋਂ 21 ਲੋੜਵੰਦ ਵਿਅਕਤੀਆਂ ਨੂੰ ਜੁਲਾਈ ਮਹੀਨੇ ਦਾ ਰਾਸ਼ਨ ਵੰਡਿਆ ਸ਼੍ਰੀ ਰਾਜਕੁਮਾਰੀ ਜੁਲਕਾ ਮੁੱਖ ਮਹਿਮਾਨ ਵਜੋਂ ਪਹੁੰਚੇ





ਫ਼ਿਰੋਜ਼ਪੁਰ 10 ਅਗਸਤ (ਮਨੋਹਰ ਲਾਲ): ਸਿਆਰਾਮ ਵੈਲਫੇਅਰ ਸੁਸਾਇਟੀ ਦੇ ਮੈਂਬਰਾਂ ਵੱਲੋਂ 21 ਲੋੜਵੰਦ ਵਿਅਕਤੀਆਂ/ਔਰਤਾਂ ਨੂੰ ਮਹੀਨਾਵਾਰ ਰਾਸ਼ਨ ਵੰਡਿਆ ਗਿਆ। ਜੁਡੀਸ਼ੀਅਲ ਵਿਭਾਗ ਦੀ ਸੇਵਾਮੁਕਤ ਕਰਮਚਾਰੀ ਸ੍ਰੀਮਤੀ ਰਾਜਕੁਮਾਰੀ ਜੁਲਕਾ ਮੁੱਖ ਮਹਿਮਾਨ ਵਜੋਂ ਪੁੱਜੇ। ਭਗਵਾਨ ਸ਼੍ਰੀ ਪਰਸ਼ੂਰਾਮ ਮੰਦਰ ਦੇ ਦਰਸ਼ਨਾਂ ਦੌਰਾਨ ਪੰਡਿਤ ਲੇਖਰਾਜ ਤ੍ਰਿਪਾਠੀ ਨੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ। ਸ਼੍ਰੀਮਤੀ ਰਾਜ ਕੁਮਾਰੀ ਜੁਲਕਾ, ਗੌਰਵ ਕੱਕੜ ਅਤੇ ਕ੍ਰਿਸ਼ਨ ਕੁਮਾਰ ਨੇ ਕਿਹਾ ਕਿ ਸਿਆਰਾਮ ਵੈਲਫੇਅਰ ਸੋਸਾਇਟੀ ਦੀ ਵਧੀਆ ਕਾਰਜਸ਼ੈਲੀ ਨੂੰ ਦੇਖ ਕੇ ਅਸੀਂ ਵੀ ਇਸ ਸੁਸਾਇਟੀ ਦੀ ਸੇਵਾ ਕਰਨਾ ਚਾਹੁੰਦੇ ਹਾਂ। ਇਸ 'ਤੇ ਸੁਸਾਇਟੀ ਦੇ ਪ੍ਰਧਾਨ ਜਗਦੀਸ਼ ਬਜਾਜ ਨੇ ਉਨ੍ਹਾਂ ਦੀ ਨੇਕ ਇੱਛਾ ਨੂੰ ਦੇਖਦੇ ਹੋਏ ਉਨ੍ਹਾਂ ਨੂੰ ਸੁਸਾਇਟੀ ਦੀ ਤਰਫ਼ੋਂ ਸਿਰੋਪਾਓ ਭੇਟ ਕੀਤਾ ਅਤੇ ਸੁਸਾਇਟੀ ਨਾਲ ਜੁੜਨ ਲਈ ਧੰਨਵਾਦ ਕਰਦਿਆਂ ਕਿਹਾ ਕਿ ਸਾਡੀ ਸੰਸਥਾ ਪਿਛਲੇ 7 ਤੋਂ ਸਮਾਜ ਭਲਾਈ ਦੇ ਕੰਮ ਕਰ ਰਹੀ ਹੈ । ਡੇਢ ਸਾਲ ਅਤੇ ਇਹ ਨਿਰੰਤਰਤਾ ਜਾਰੀ ਰਹੇਗੀ। ਇਸ ਮੌਕੇ ਜਗਦੀਸ਼ ਬਜਾਜ ਪ੍ਰਧਾਨ, ਜਗਦੀਸ਼ ਕੱਕੜ ਐਡਵੋਕੇਟ, ਬ੍ਰਿਜ ਧਵਨ, ਬਲਵਿੰਦਰ ਪਾਲ ਸ਼ਰਮਾ, ਪੰਡਿਤ ਲੇਖਰਾਜ ਤ੍ਰਿਪਾਠੀ, ਰਾਜਕੁਮਾਰੀ ਜੁਲਕਾ, ਗੌਰਵ ਕੱਕੜ, ਕ੍ਰਿਸ਼ਨ ਕੁਮਾਰ, ਕੈਲਾਸ਼ ਸ਼ਰਮਾ ਨੇ ਵੀ ਰਾਸ਼ਨ ਵੰਡਣ ਦੀ ਸੇਵਾ ਨਿਭਾਈ।

ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :

+447458381111 +447976210161 +919729091243

### ਖਾਲਸਾ ਅਕੈਡਮੀ ਮਹਿਤਾ ਦੇ ਵਿਦਿਆਰਥੀਆਂ ਨੇ

# ਬਲਾਕ ਪੱਧਰੀ ਲੈਵਲ 'ਤੇ ਗੋਲਡ ਮੈਡਲ ਹਾਸਲ ਕੀਤੇ




**ਚੌਕ ਮਹਿਤਾ, 10 ਅਗਸਤ ( ਬਾਬਾ ਸੁਖਵੰਤ ਸਿੰਘ ਚੰਨਣਕੇ )** -ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਅਕੈਡਮੀ ਮਹਿਤਾ ਚੌਂਕ ਜੋ ਕਿ ਦਮਦਮੀ ਟਕਸਾਲ ਦੇ 16ਵੀਂ ਮੁਖੀ ਮਾਨਯੋਗ ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂ ਵਾਲੇ ਪ੍ਰਧਾਨ ਸੰਤ ਸਮਾਜ ਜੀ ਦੀ ਸੰਯੋਗ ਰਹਿਣਮਾਈ ਹੇਠ ਚੱਲ ਰਹੇ ਵਿਦਿਅਕ ਅਦਾਰੇ ਦੇ ਖਾਲਸਾ ਅਕੈਡਮੀ ਦੇ ਹੋਣਹਾਰ ਵਿਦਿਆਰਥੀਆਂ ਨੇ ਪਿੰਡ ਤਰਸਿੱਕਾ ਦੇ ਸਰਕਾਰੀ ਸੀਨੀਅਰ ਸੈਕੈਂਡਰੀ ਸਕੂਲ ਵਿਖੇ ਮਿਤੀ 22 ਜੁਲਾਈ ਤੋਂ ਲੈ ਕੇ 5 ਅਗਸਤ ਤੱਕ ਬਲਾਕ ਪੱਧਰੀ ਟੂਰਨਾਮੈਂਟ ਖੇਡੇ। ਅਤੇ ਜਿੱਤ ਪ੍ਰਾਪਤ ਕਰਕੇ ਖਾਲਸਾ ਅਕੈਡਮੀ ਦਾ ਨਾਮ ਰੋਸ਼ਨ ਕੀਤਾ। ਜਿਸ ਵਿੱਚ 100 ਮੀਟਰ ,200 ਮੀਟਰ, 400 ਮੀਟਰ ,800 ਮੀਟਰ ਤੇ 1500 ਮੀਟਰ, 5000 ਮੀਟਰ ਦੀ ਰੇਸ ਵਿੱਚ ਖਾਲਸਾ ਅਕੈਡਮੀ ਦੇ ਵਿਦਿਆਰਥੀਆਂ ਨੇ ਭਾਗ ਲੈ ਕੇ ਪਹਿਲੀਆਂ ਅਤੇ ਦੂਜੀਆਂ ਪੁਜੀਸ਼ਨਾਂ ਹਾਸਿਲ ਕੀਤੀਆਂ। ਇਸ ਤੋਂ ਇਲਾਵਾ ਡਿਸਕਸ ਥਰੋਅ , ਸ਼ਾਟ ਪੁੱਟ , ਜੈਵਲੀਨ 3000 ਮੀਟਰ ਮਾਰਕ ਰੇਸ ਵਿੱਚ ਭਾਗ ਲਿਆ ਅਤੇ ਸਾਰੇ ਹੀ ਵਿਦਿਆਰਥੀਓ ਨੇ ਪੁਜੀਸ਼ਨਾਂ ਹਾਸਲ ਕੀਤੀਆਂ ਸਕੂਲ ਦੇ ਵਿਦਿਆਰਥੀਆਂ ਨੇ ਕੁੱਲ 15 ਗੋਲਡ ਮੈਡਲ, 12 ਸਿਲਵਰ ਮੈਡਲ ਅਤੇ 10 ਬਰਾਉਨ ਮੈਡਲ ਹਾਸਲ ਕਰਕੇ ਸਕੂਲ ਵਿੱਚ ਸ਼ਾਨਦਾਰ ਐਂਟਰੀ ਕੀਤੀ। ਇਸ ਖੁਸ਼ੀ ਦੇ ਮੌਕੇ ਤੇ ਸਕੂਲ ਦੇ ਡਾਇਰੈਕਟਰ ਪ੍ਰਿੰਸੀਪਲ ਡਾਕਟਰ ਜਤਿੰਦਰ ਕੁਮਾਰ ਸ਼ਰਮਾ ਜੀ ਅਧਿਆਪਕ ਸਾਹਿਬਾਨਾਂ ਨੇ ਬੱਚਿਆਂ ਅਤੇ ਕੋਚ ਸਾਹਿਬਾਨਾਂ ਦਾ ਸਕੂਲ ਪਹੁੰਚਣ ਤੇ ਨਿੱਘਾ ਸਵਾਗਤ ਕੀਤਾ । ਡਾਇਰੈਕਟਰ ਪ੍ਰਿੰਸੀਪਲ ਜਤਿੰਦਰ ਕੁਮਾਰ ਸ਼ਰਮਾ ਜੀ ਨੇ ਇਹਨਾਂ ਬੱਚਿਆਂ ਦੇ ਮਾਪਿਆਂ ਨੂੰ ਵੀ ਵਧਾਈ ਜਿੰਦਿਆਂ ਹੋਇਆਂ ਕਿਹਾ ਕਿ ਸਾਨੂੰ ਆਪਣੇ ਸਕੂਲ ਦੇ ਇਹਨਾਂ ਬੱਚਿਆਂ ਤੇ ਬਹੁਤ ਮਾਣ ਹੈ ਜਿਨਾਂ ਨੇ ਹਰ ਵਕਤ ਖੇਡਾਂ ਦੇ ਵਿੱਚ ਜਿੱਤ ਪ੍ਰਾਪਤ ਕਰਕੇ ਅਕੈਡਮੀ ਦਾ ਨਾਮ ਰੋਸ਼ਨ ਕਰਦੇ ਹਨ। ਜਿੱਤ ਪ੍ਰਾਪਤ ਕਰਕੇ ਸਕੂਲ ਆਏ ਹੋਏ ਵਿਦਿਆਰਥੀਆਂ ਨੂੰ ਸਕੂਲ ਵੱਲੋਂ ਵੀ ਸਨਮਾਨਿਤ ਕੀਤਾ ਗਿਆ। ਇਸ ਮੌਕੇ ਤੇ ਡਾਇਰੈਕਟਰ/ ਪ੍ਰਿੰਸੀਪਲ ਡਾਕਟਰ ਜਤਿੰਦਰ ਕੁਮਾਰ ਸ਼ਰਮਾ ਜੀ, ਕਾਲਜ ਦੇ ਪ੍ਰਿੰਸੀਪਲ ਸਰਦਾਰ ਗੁਰਦੀਪ ਸਿੰਘ ਜੀ ਅਤੇ ਸਮੂਹ ਅਧਿਆਪਕ ਸਾਹਿਬਾਨਾਂ ਨੇ ਸਕੂਲ ਦੇ ਖੇਡਾਂ ਦੇ ਕੋਚ ਦਮਨਦੀਪ ਸਿੰਘ ,ਮਨਮੀਤ ਸਿੰਘ , ਸਚਿਨ ਕੁਮਾਰ , ਮੈਡਮ ਹਰਜੀਤ ਕੌਰ ਮੈਡਮ ਬਲਜਿੰਦਰ ਕੌਰ ਨੂੰ ਵਧਾਈ ਦਿੰਦਿਆਂ ਹੋਇਆਂ ਕਿਹਾ ਕਿ ਸਾਨੂੰ ਆਪਣੇ ਇਹਨਾਂ ਖੇਡਾਂ ਦੇ ਕੋਚ ਸਾਹਿਬਾਨਾਂ ਤੇ ਬਹੁਤ ਮਾਣ ਹੈ ਜਿੰਨਾ ਨੇ ਖੇਡਾਂ ਦੀ ਸਿਖਲਾਈ ਦੇ ਕੇ ਬੱਚਿਆਂ ਨੂੰ ਖੇਡਾਂ ਦੇ ਮੈਦਾਨ ਵਿੱਚ ਲੈ ਕੇ ਜਾਂਦੇ ਹਨ ਅਤੇ ਖਾਲਸਾ ਅਕੈਡਮੀ ਦਾ ਨਾਮ ਰੋਸ਼ਨ ਕਰਦੇ ਹਨ।

ਆਵਾਜ਼ਿ ਕੌਮ AWAZE QAUM International Newspaper & WEB TV

### ਪੈਰਿਸ ਓਲੰਪਿਕ ਜੇਤੂ ਪੰਜਾਬੀ ਹਾਕੀ ਖਿਡਾਰੀਆਂ ਦਾ

# ਸਰਹੱਦ-ਏ-ਪੰਜਾਬ ਸਪੋਰਟਸ ਕਲੱਬ ਜਲਦ ਕਰੇਗਾ ਸਨਮਾਨ : ਮੱਟੂ



**ਚੌਕ ਮਹਿਤਾ, 10 ਅਗਸਤ ( ਬਾਬਾ ਸੁਖਵੰਤ ਸਿੰਘ ਚੰਨਣਕੇ )**-ਮੁੱਖ ਸਰਪ੍ਰਸਤ ਹਰਮਨਬੀਰ ਸਿੰਘ ਗਿੱਲ, ਸਰਪ੍ਰਸਤ ਰਾਜੇਸ਼ ਸ਼ਰਮਾ, ਚੇਅਰਮੈਨ ਹਰਦੇਸ਼ ਸ਼ਰਮਾ, ਉੱਪ ਚੇਅਰਮੈਨ ਮਖਤੂਲ ਸਿੰਘ ਔਲਖ ਦੀ ਯੋਗ ਅਗਵਾਈ ਹੇਠ ਪ੍ਰਸਿੱਧ ਖੇਡ ਪ੍ਰੋਮੋਟਰ ਅਤੇ ਪ੍ਰਧਾਨ ਗੁਰਿੰਦਰ ਸਿੰਘ ਮੱਟੂ ਦੀ ਪ੍ਰਧਾਨਗੀ ਹੇਠ ਪਿਛਲੇ ਦੋ ਦਹਾਕਿਆਂ ਤੋਂ ਕਈ ਕੌਮੀਂ ਅਤੇ ਰਾਜ-ਪੱਧਰੀ ਐਥਲੀਟ ਪੈਦਾ ਕਰਕੇ ਖੇਡ ਖੇਤਰ ਵਿੱਚ ਆਪਣੀ ਵਿਲੱਖਣ ਪਛਾਣ ਬਣਾ ਕੇ ਭਾਰਤ ਦੇ ਖੇਡ ਨਕਸ਼ੇ ਉੱਪਰ ਆਪਣਾ ਨਾਂਅ ਰੋਸ਼ਨ ਕਰਨ ਵਾਲੀ ਪੰਜਾਬ ਦੀ ਪ੍ਰਸਿੱਧ ਖੇਡ ਸੰਸਥਾ ਸਰਹੱਦ-ਏ-ਪੰਜਾਬ ਸਪੋਰਟਸ ਕਲੱਬ (ਰਜਿ) ਅੰਮ੍ਰਿਤਸਰ ਦੇ ਪ੍ਰਧਾਨ ਗੁਰਿੰਦਰ ਸਿੰਘ ਮੱਟੂ ਨੇ ਵਧੇਰੇ ਜਾਣਕਾਰੀ ਦਿੰਦਿਆਂ ਕਿਹਾ ਕੇ ਪੈਰਿਸ ਓਲੰਪਿਕ ਵਿਚ ਭਾਰਤੀ ਹਾਕੀ ਟੀਮ ਵੱਲੋਂ ਸਪੇਨ ਨੂੰ 2-1 ਦੇ ਫਰਕ ਨਾਲ ਹਰਾ ਕੇ ਕਾਂਸੀ ਦਾ ਤਮਗਾ ਜਿੱਤਣ ਨਾਲ ਸੰਸਾਰ ਪੱਧਰ ਤੇ ਦੇਸ਼ ਦਾ ਮਾਣ ਵਧਿਆ ਹੈ। ਇਸ ਸ਼ਾਨਦਾਰ ਜਿੱਤ ਤੇ ਉਨ੍ਹਾਂ ਨੇ ਭਾਰਤੀ ਹਾਕੀ ਟੀਮ ਦੇ ਕਪਤਾਨ ਹਰਮਨਪ੍ਰੀਤ ਸਿੰਘ,ਵਾਇਸ ਕਪਤਾਨ ਹਾਰਦਿਕ ਸਿੰਘ, ਮਨਪ੍ਰੀਤ ਸਿੰਘ,ਸ਼ਮਸ਼ੇਰ ਸਿੰਘ, ਜਰਮਨਪ੍ਰੀਤ ਸਿੰਘ, ਸੁਖਜੀਤ ਸਿੰਘ,ਕ੍ਰਿਸ਼ਨਾ ਬਹਾਦੁਰ,ਮਨਦੀਪ ਸਿੰਘ, ਗੁਰਜੰਟ ਸਿੰਘ ਅਤੇ ਜੁਗਰਾਜ ਸਿੰਘ (ਸਾਰੇ ਪੰਜਾਬੀ ਹਾਕੀ ਖਿਡਾਰੀਆਂ) ਸਮੇਤ ਭਾਰਤੀ ਟੀਮ ਨੂੰ ਕਾਂਸੇ ਦਾ ਤਗਮਾ ਜਿੱਤਣ ਤੇ ਖਿਡਾਰੀਆਂ ਨੂੰ ਵੀ ਮੁਬਾਰਕਬਾਦ ਦਿੱਤੀ ਅਤੇ ਕਿਹਾ ਇਹ ਟੀਮ ਹੋਰ ਉੱਚੀਆਂ ਬੁਲੰਦੀਆਂ ਨੂੰ ਛੂਹਣ ਲਈ ਸ਼ੁੱਭਕਾਮਨਾਵਾਂ ਦਿੱਤੀ। ਉਨ੍ਹਾਂ ਨੇ ਕਿਹਾ ਕਿ ਭਾਰਤੀ ਹਾਕੀ ਟੀਮ ਨੇ ਪੈਰਿਸ ਓਲੰਪਿਕਸ ਵਿੱਚ ਇਤਿਹਾਸ ਰਚਦਿਆਂ ਕਾਂਸੇ ਦਾ ਮੈਡਲ ਜਿੱਤਿਆ ਹੈ, ਜੋ ਭਾਰਤ ਦੇਸ਼ ਲਈ ਹੋਰ ਵੀ ਮਾਣ ਵਾਲੀ ਗੱਲ ਹੈ। ਆਖਿਰ ਵਿੱਚ ਪ੍ਰਧਾਨ ਗੁਰਿੰਦਰ ਸਿੰਘ ਮੱਟੂ ਨੇ ਕਿਹਾ ਕੇ ਇਸ ਮਾਣਮੱਤੀ ਪ੍ਰਾਪਤੀ ਲਈ ਜਲਦ ਹੀ ਸਾਰੇ ਪੰਜਾਬੀ ਹਾਕੀ ਖਿਡਾਰੀ ਨੂੰ ਸਨਮਾਨਿਤ ਕੀਤਾ ਜਾਵੇਗਾ।

ਇਸ ਮੌਕੇ ਹਰਮਨਬੀਰ ਸਿੰਘ ਗਿੱਲ,ਰਾਜੇਸ਼ ਸ਼ਰਮਾਹਰਦੇਸ਼ ਸ਼ਰਮਾ,ਉੱਪ ਚੇਅਰਮੈਨ ਮਖਤੂਲ ਸਿੰਘ ਔਲਖ, ਪ੍ਰਧਾਨ ਗੁਰਿੰਦਰ ਸਿੰਘ ਮੱਟੂ, ਨਰਿੰਦਰ ਕੌਰ,ਕੰਵਲਜੀਤ ਕੌਰ ਟੀਂਨਾ, ਸੀਮਾ ਚੋਪੜਾ, ਕਰਮਜੀਤ ਕੌਰ,ਦਮਨਪ੍ਰੀਤ ਕੌਰ,ਵੀਨਾ, ਨਰਿੰਦਰ ਸਿੰਘ ਰੇਲਵੇ, ਬਲਜਿੰਦਰ ਸਿੰਘ ਮੱਟੂ, ਸ਼ਿਵ ਸਿੰਘ,ਅਰਸ਼ਪ੍ਰੀਤ ਕੌਰ ਅਤੇ ਲਵਪ੍ਰੀਤ ਸਿੰਘ ਨੇ ਪੈਰਿਸ ਉਲੰਪਿਕ ਵਿਚੋਂ ਭਾਰਤੀ ਹਾਕੀ ਟੀਮ ਨੂੰ ਕਾਂਸੇ ਦਾ ਤਗਮਾ ਜਿੱਤਣ ਤੇ ਵਧਾਈ ਦਿੱਤੀ।

ਆਵਾਜ਼ਿ ਕੌਮ AWAZE QAUM International Newspaper & WEB TV

# ਨਸ਼ਿਆਂ ਦੇ ਖਾਤਮੇ ਲਈ ਲੋਕ ਪੁਲਿਸ ਨੂੰ ਸਹਿਯੋਗ ਕਰਨ - ਇੰਸਪੈਕਟਰ ਰੋਬਿਨ ਹੰਸ



**ਚੌਕ ਮਹਿਤਾ, 10 ਅਗਸਤ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਆਲ ਮੁਸਲਿਮ ਵੈਲਫੇਅਰ ਸੋਸਾਇਟੀ ਦਾ ਵਫਦ ਚੇਅਰਮੈਨ ਮਾਣਿਕ ਅਲੀ ਅਤੇ ਉਪ ਪ੍ਰਧਾਨ ਖੁਰਸ਼ੀਦ ਅਹਿਮਦ ਦੀ ਦੇਖ-ਰੇਖ ਵਿੱਚ ਥਾਣਾ ਛੇਹਰਟਾ ਦੇ ਇੰਚਾਰਜ ਇੰਸਪੈਕਟਰ ਰੋਬਿਨ ਹੰਸ ਨੂੰ ਮਿਲਿਆ।ਇਸ ਮੌਕੇ ਵਫਦ ਵੱਲੋਂ ਇੰਚਾਰਜ ਰੋਬਿਨ ਹੰਸ ਨੂੰ ਛੇਹਰਟਾ ਦੇ ਲੋਕਾਂ ਨੂੰ ਆ ਰਹੀਆਂ ਕੁਝ ਸਮੱਸਿਆਵਾਂ ਤੋਂ ਜਾਣੂ ਕਰਵਾਉਣ ਦੇ ਨਾਲ-ਨਾਲ ਮੁਸਲਿਮ ਸਮਾਜ ਦੀਆਂ ਮੁਸ਼ਕਲਾਂ ਬਾਰੇ ਵਿਚਾਰ ਚਰਚਾ ਕੀਤੀ।ਇਸ ਮੌਕੇ ਥਾਣਾ ਇੰਚਾਰਜ ਰੋਬਿਨ ਹੰਸ ਨੇ ਕਿਹਾ ਕਿ ਪੁਲਿਸ ਕਮਿਸ਼ਨਰ ਰਣਜੀਤ ਸਿੰਘ ਅਤੇ ਹੋਰ ਸੀਨੀਅਰ ਪੁਲਿਸ ਅਧਿਕਾਰੀਆਂ ਦੇ ਦਿਸ਼ਾ ਨਿਰਦੇਸ਼ਾਂ ਦੀ ਇੰਨ-ਬਿੰਨ ਪਾਲਨਾ ਕਰਦੇ ਹੋਏ ਨਸ਼ਿਆਂ ਦੇ ਖਾਤਮੇ ਲਈ ਪੂਰੀ ਤਰ੍ਹਾਂ ਵਚਨਬੰਧ ਹਨ।ਉਨ੍ਹਾਂ ਕਿਹਾ ਕਿ ਛੇਹਰਟਾ ਨੂੰ ਨਸ਼ਾ ਮੁਕਤ ਕਰਨ ਦੀ ਪੂਰੀ ਕੋਸ਼ਿਸ਼ ਕੀਤੀ ਜਾਵੇਗੀ।ਉਨ੍ਹਾ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਨਸ਼ਿਆਂ ਦੇ ਖਾਤਮੇ ਲਈ ਪੁਲਿਸ ਨੂੰ ਸਹਿਯੋਗ ਕਰਨ ਅਤੇ ਕਿਸੇ ਵੀ ਨਸ਼ੇ ਦੇ ਵਪਾਰੀ ਅਤੇ ਸਮਾਜ ਵਿਰੋਧੀ ਅਨਸਰ ਦੀ ਇਤਲਾਹ ਮੌਕੇ 'ਤੇ ਹੀ ਪੁਲਿਸ ਨੂੰ ਦੇਣ।ਇਸ ਮੌਕੇ ਸੀਨੀਅਰ ਪੱਤਰਕਾਰ ਕੰਵਲਜੀਤ ਸਿੰਘ ਵਾਲੀਆ,ਪ੍ਰਿੰਸੀਪਲ ਹਰਮੀਤ ਸਿੰਘ,ਮੌਲਾਨਾ ਸ਼ਾਹ ਆਲਮ, ਸਤਨਾਮ ਸਿੰਘ ਗਿੱਲ,ਅਮਰੀਕ ਸਿੰਘ ਗਿੱਲ,ਬਾਬਾ ਬੀਰਾ,ਡਾ.ਮੋਤੀ ਰਹਿਮਾਨ, ਰਾਕੇਸ਼ ਕੁਮਾਰ ਆਦਿ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਸਰਪ੍ਰਸਤ ਇਮਾਨ ਸਿੰਘ ਮਾਨ ਨੇ ਆਪਣੀ ਟੀਮ ਸਮੇਤ ਹਰਮੇਲ ਸਿੰਘ ਯੋਧੇ ਦੇ ਪਰਿਵਾਰ ਦਾ ਹਾਲ ਚਾਲ ਪੁੱਛਿਆ



**ਚੌਕ ਮਹਿਤਾ, 10 ਅਗਸਤ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਅੱਜ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਯੂਥ ਵਿੰਗ ਦੇ ਸਰਪ੍ਰਸਤ ਸ੍ਰ ਇਮਾਨ ਸਿੰਘ ਮਾਨ ਨੇ ਆਪਣੀ ਟੀਮ ਸਮੇਤ ਅਮ੍ਰਿਤਸਰ ਜੇਲ੍ਹ ਵਿੱਚ ਨਜ਼ਰ ਬੰਦ ਯੂਥ ਵਿੰਗ ਦੇ ਜ਼ਿਲ੍ਹਾ ਪ੍ਰਧਾਨ ਹਰਮੇਲ ਸਿੰਘ ਯੋਧੇ ਦੇ ਪਰਿਵਾਰ ਦਾ ਹਾਲ ਚਾਲ ਪੁੱਛਿਆ। ਇਸ ਮੋਕੇ ਉਨ੍ਹਾਂ ਨਾਲ ਜਥੇਬੰਦਕ ਸਕੱਤਰ ਮਾਝਾ ਜੋਨ ਜਸਬੀਰ ਸਿੰਘ ਬੱਚੜੇ ਦਲਬੀਰ ਸਿੰਘ ਬੰਡਾਲਾ ਇੰਚਾਰਜ ਵਿਧਾਨ ਸਭਾ ਹਲਕਾ ਜੰਡਿਆਲਾ ਬਲਜੀਤ ਸਿੰਘ ਬੁੱਟਰ ਯੂਥ ਆਗੂ ਜਸਵਿੰਦਰ ਸਿੰਘ ਕਨੇਡੀਅਨ ਸਰਕਲ ਮਹਿਤਾ ਚੌਂਕ ਦੇ ਪ੍ਰਧਾਨ ਮਹਿੰਦਰ ਪਾਲ ਸਿੰਘ ਮਹਿਤਾ ਸ਼੍ਰੋਮਣੀ ਕਮੇਟੀ ਦੇ ਹਲਕਾ ਮੱਤੇਵਾਲ ਦੇ ਇੰਚਾਰਜ ਸੁਖਵਿੰਦਰ ਸਿੰਘ ਮਹਿਤਾ ਗੁਰਸਾਹਿਬ ਸਿੰਘ ਜੋਗਾ ਸਿੰਘ ਵਾਲਾ ਕਰਮ ਸਿੰਘ ਬੁੱਟਰ ਸੁਖਜਿੰਦਰ ਸਿੰਘ ਦੇਵੀਦਾਸ ਪੁਰ ਆਦਿ ਆਗੂ ਹਾਜਰ ਸਨ। ਜਿਸ ਉਪਰੰਤ ਸਰਪ੍ਰਸਤ ਸ੍ਰ ਇਮਾਨ ਸਿੰਘ ਮਾਨ ਨੇ ਪਿੰਡ ਧਰਮੂਚੱਕ ਦੇ ਯੂਥ ਲੀਡਰ ਸਤਨਾਮ ਸਿੰਘ ਦੇ ਪਿਤਾ ਸ੍ਰ ਅਜੀਤ ਸਿੰਘ ਜੋ ਪਿਛਲੇ ਦਿਨੀਂ ਗੁਰੂ ਚਰਨਾਂ ਵਿੱਚ ਜਾ ਬਿਰਾਜੇ ਸਨ ਉਨ੍ਹਾਂ ਦੇ ਭੋਗ ਤੇ ਹਾਜ਼ਰੀ ਭਰੀ ਅਤੇ ਸ਼ਰਧਾ ਦੇ ਫੁੱਲ ਭੇਟ ਕੀਤੇ।

ਆਵਾਜ਼ਿ ਕੌਮ AWAZE QAUM International Newspaper & WEB TV

# ਫ੍ਰੀ ਪਰਿਵਾਰ ਪਰਾਮਰਸ਼ ਕੇਂਦਰ ਅਤੇ ਜਨ ਕਲਿਯਾਨ ਸੰਗਠਨ ਵੱਲੋਂ ਮਨਾਇਆ ਗਿਆ "ਅਗਸਤ ਕ੍ਰਾਂਤੀ ਦਿਹਾੜਾ"

**ਚੌਕ ਮਹਿਤਾ, 10 ਅਗਸਤ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਨੋਜਵਾਨ ਪੀੜੀ ਨੂੰ ਰਾਸ਼ਟਰ ਦੇ ਬਹਾਦੁਰ ਜਾਂਬਾਜ ਸ਼ਹੀਦਾਂ ਦੀ ਰਾਂਹ ਤੇ ਚਲਣ ਦੇ ਉਦੇਸ਼ ਕਾਰਨ ਫ੍ਰੀ ਪਰਿਵਾਰ ਪਰਾਮਰਸ਼ ਕੇਂਦਰ (1968 ਤੋਂ) ਅਤੇ ਜਨ ਕਲਿਯਾਨ ਸੰਗਠਨ ਵੱਲੋਂ "ਅੱਗਸਤ ਕ੍ਰਾਂਤੀ ਦਿਹਾੜਾ" ਮਨਾਇਆ ਗਿਆ। ਸੰਸਥਾ ਦੀ ਸਲਾਹਕਾਰ ਸ਼੍ਰੀਮਤੀ ਸੁਰਜੀਤ ਕੌਰ ਮੁੱਖ ਮਹਿਮਾਨ ਸਨ। ਦੋਨਾਂ ਸੰਸਥਾਵਾਂ ਦੀ ਡਾਇਰੈਟਰ ਰਾਸ਼ਟਪਤੀ ਪੁਰਸਕਾਰ ਪ੍ਰਾਪਤ ਡਾ. ਸਵਰਾਜ ਗਰੋਵਰ ਦੀ



ਅਗਵਾਈ ਹੇਠ ਕਰਵਾਇਆ ਗਿਆ। ਮੁੱਖ ਮਹਿਮਾਨ ਸ਼੍ਰੀਮਤੀ ਸੁਰਜੀਤ ਕੌਰ ਨੇ ਕਿਹਾ ਕਿ ਭਾਰਤ ਤੋਂ ਅੰਗ੍ਰੇਜ਼ਾ ਨੂੰ ਉਖਾੜਣ ਲਈ 9 ਅਗਸਤ 1942 ਨੂੰ ਅਖਿਲ ਭਾਰਤੀ ਕਾਂਗਰਸ ਸਮਿਤੀ ਦੇ ਬੰਬਈ ਅਧਿਵੇਸ਼ਨ ਵਿੱਚ ਮਾਹਤਮਾ ਗਾਂਧੀ ਵੱਲੋਂ ਪ੍ਰਸਤਾਵ ਪਾਸ ਕਰਕੇ ਭਾਰਤ ਛੱਡੋ ਅੰਦੋਲਨ ਸ਼ੁਰੂ ਕੀਤਾ ਗਿਆ। "ਭਾਰਤ ਛੱਡੋਂ ਅੰਦੋਲਨ" ਵਿੱਚ ਹਰ ਹਿਦੁਸਤਾਨੀ ਦੇ ਹੱਥ ਵਿੱਚ ਤਿਰੰਗਾ ਸੀ।ਗਾਂਧੀ ਜੀ , ਰਾਜਿੰਦਰ ਪ੍ਰਸਾਦ, ਸਰੋਜਨੀ ਨਾਯਡੂ ਅਤੇ ਹੋਰ ਨੇਤਾਵਾਂ ਨੂੰ ਜੇਲ ਵਿੱਚ ਬੰਦ ਕਰ ਦਿੱਤਾ ਸੀ। ਡਾ. ਸਵਰਾਜ ਗਰੋਵਰ ਨੇ ਕਿਹਾ ਕਿ ਅਗਸਤ ਕ੍ਰਾਂਤੀ ਜਨ-ਜਨ ਦੀ ਕ੍ਰਾਂਤੀ ਹੈ।ਸਵਾਧਿਨਤਾ ਸੰਗ੍ਰਾਂਮ ਦਾ ਅਧਾਰ ਅੱਗਸਤ ਕ੍ਰਾਂਤੀ ਹੀ ਹੈ। ਅੱਗਸਤ ਕ੍ਰਾਂਤੀ ਵਿੱਚ ਗਾਂਧੀ ਜੀ ਦਾ ਨਾਰਾ "ਕਰੋ ਜਾਂ ਮਰੋ" ਪ੍ਰੇਰਕ ਸੀ। ਅੱਜ ਜਰੂਰੀ ਹੈ ਜਾਤ-ਪਾਤ, ਧਰਮ, ਭੇਦ-ਭਾਵ ਨੂੰ ਭੁੱਲਾ ਕੇ ਸਾਰੇ ਹਿੰਦੁਸਤਾਨ ਨੂੰ ਇੱਕਠੇ ਕਰਨ ਦੀ। ਸਤਵਿੰਦਰ ਕੌਰ, ਗੀਤਾ ਨਰੂਲਾ, ਸੁਖਵਿੰਦਰ ਕੌਰ, ਪਰਵੀਨ ਕੌਰ, ਮਹਿੰਦਰ ਕੌਰ ਅਤੇ ਕੁਲਵੰਤ ਕੌਰ ਨੇ ਕਿਹਾ ਕਿ ਰਾਸ਼ਟਰ ਧਰਮ ਉਚਾ ਧਰਮ ਹੈ। ਹਰ ਬੱਚੇ ਵਿਚ ਦੇਸ਼ ਭਗਤੀ ਨੂੰ ਜਗਾਉਣਾ ਹੈ। ਸੁਸ਼ਮਾ ਗੋਇਲ, ਰਾਜਿੰਦਰ ਕੌਰ, ਪਰਮਿੰਦਰ ਕੌਰ, ਬਲਜੀਤ ਕੌਰ, ਰਕਸ਼ਾ ਸੈਨੀ, ਗੁਰਮੀਤ ਕੌਰ, ਵਿਪਨਦੀਪ, ਰਾਧਾ ਕੁਮਾਰੀ ਨੇ ਕਿਹਾ ਕਿ ਦੇਸ਼ ਵਿਚ ਅਤਿਆਚਾਰ, ਅਪਰਾਧ, ਰਿਸ਼ਵਤਖੋਰੀ, ਗਰੀਬੀ ਅਤੇ ਸਮਾਜਿਕ ਬੁਰਾਇਆ ਨੂੰ ਖਤਮ ਕਰਕੇ ਅਮਰ ਸ਼ਹੀਦਾਂ ਦੇ ਸੁਪਨਿਆਂ ਨੂੰ ਸਕਾਰ ਕਰਨਾ ਹੈ ਇਸ ਮੌਕੇ ਸਾਰੇ ਮੈਂਬਰਾਂ ਨੇ ਸੰਕਲਪ ਲਿਆ ਕਿ ਸਮਾਜ ਵਿਚ ਦੇਸ਼ ਪ੍ਰੇਮ ਦੀ ਭਾਵਨਾ ਦਾ ਪ੍ਰਚਾਰ ਕਰਨਗੇ।

ਆਵਾਜ਼ਿ ਕੌਮ AWAZE QAUM International Newspaper & WEB TV

### ਗੁਰਦੁਆਰਾ ਬਾਬਾ ਦਿੱਤ ਮੱਲ ਸ਼ਹੀਦ ਪਿੰਡ ਖਿਆਲਾ ਵਿਖੇ

# ਰਾਤ ਦੇ ਦੀਵਾਨ ਸਜਾਏ ਗਏ



**ਚੌਕ ਮਹਿਤਾ, 10 ਅਗਸਤ ( ਬਾਬਾ ਸੁਖਵੰਤ ਸਿੰਘ ਚੰਨਣਕੇ )**-ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਮੇਂ ਪਿਪਲੀ ਸਾਹਿਬ ਦੀ ਜੰਗ ਵਿੱਚ ਮੁਗਲ ਫੌਜਾਂ ਨਾਲ ਜੂਝਦੇ ਹੋਏ ਸ਼ਹੀਦ ਹੋਣ ਵਾਲੇ ਬਾਬਾ ਦਿੱਤ ਮੱਲ ਜੀ ਦੀ ਯਾਦ ਵਿੱਚ ਗੁਰਦੁਆਰਾ ਬਾਬਾ ਦਿੱਤ ਮੱਲ ਜੀ ਸ਼ਹੀਦ ਪਿੰਡ ਖਿਆਲਾ ਕਲਾਂ/ ਖੁਰਦ ਵਿਖੇ ਤਿੰਨ ਰੋਜਾ ਸਾਲਾਨਾ ਜੋੜ ਮੇਲਾ ਬੜੀ ਸ਼ਰਧਾ ਭਾਵਨਾ ਸਹਿਤ ਮਨਾਇਆ ਜਾ ਰਿਹਾ ਹੈ।ਅੱਜ ਰਾਤ ਨੂੰ ਸਜਾਏ ਗਏ ਦੀਵਾਨ ਵਿੱਚ ਗੁਰਦੁਆਰਾ ਬਾਬਾ ਦਿੱਤ ਮੱਲ ਜੀ ਸ਼ਹੀਦ ਅਸਥਾਨ ਦੇ ਹਜ਼ੂਰੀ ਰਾਗੀ ਭਾਈ ਦਇਆ ਸਿੰਘ, ਭਾਈ ਚਮਕੌਰ ਸਿੰਘ ਕਥਾਵਾਚਕ, ਭਾਈ ਜਤਿੰਦਰ ਸਿੰਘ ਖਿਆਲਾ ਕੀਰਤਨੀ ਜਥਾ, ਢਾਡੀ ਜਥਾ ਭਾਈ ਗੁਰਸੇਵਕ ਸਿੰਘ ਪ੍ਰੇਮੀ ਕਲਾਨੌਰ, ਸੰਤ ਜਸਬੀਰ ਸਿੰਘ ਨਾਮਧਾਰੀ ਗਊ ਸ਼ਾਲਾ ਵਾਲੇ, ਭਾਈ ਪਰਮਿੰਦਰ ਸਿੰਘ ਕੋਹਾਲੀ ਵਾਲੇ ਅਤੇ ਪੰਥਕ ਕਵੀ ਭਾਈ ਕੁਲਦੀਪ ਸਿੰਘ ਦਰਾਜਕੇ ਨੇ ਸੰਗਤਾਂ ਨਾਲ ਗੁਰਮਤਿ ਵਿਚਾਰਾਂ ਦੀ ਸਾਂਝ ਪਾਉਂਦੇ ਹੋਏ ਗੁਰਬਾਣੀ ਤੇ ਬਾਣੇ ਨਾਲ ਜੁੜਨ ਦਾ ਸੁਨੇਹਾ ਦਿੱਤਾ। ਕਮੇਟੀ ਦੇ ਪ੍ਰਧਾਨ ਭਾਈ ਲਖਵਿੰਦਰ ਸਿੰਘ ਖਿਆਲਾ ਨੇ ਦੱਸਿਆ ਕਿ ਕੱਲ੍ਹ 11 ਅਗਸਤ ਨੂੰ ਪਾਠ ਦੇ ਭੋਗ ਉਪਰੰਤ ਸਜਾਏ ਜਾਣ ਵਾਲੇ ਭਾਰੀ ਦੀਵਾਨ ਵਿੱਚ ਢਾਡੀ ਭਾਈ ਬਲਬੀਰ ਸਿੰਘ ਪਾਰਸ, ਭਾਈ ਅਵਤਾਰ ਸਿੰਘ ਖਿਆਲਾ, ਭਾਈ ਕਸ਼ਮੀਰ ਸਿੰਘ ਰਡਾਲਾ, ਭਾਈ ਜੋਧਾ ਸਿੰਘ ਖਿਆਲਾ ਦੇ ਢਾਡੀ ਤੇ ਕਵੀਸ਼ਰੀ ਜਥੇ ਹਾਜ਼ਰੀਆਂ ਭਰਨਗੇ ਅਤੇ ਸ਼ਾਮ ਨੂੰ ਚਾਰ ਕਬੱਡੀ ਟੀਮਾਂ ਦਰਮਿਆਨ ਦੋ ਸ਼ੋਅ ਮੈਚ ਕਰਵਾਏ ਜਾਣਗੇ। ਇਸ ਮੌਕੇ 'ਤੇ ਸਾਬਕਾ ਸਰਪੰਚ ਬਾਵਾ ਸਿੰਘ ਖਿਆਲਾ ਕਲਾਂ, ਸਾਬਕਾ ਸਰਪੰਚ ਸਰਤਾਜ ਸਿੰਘ ਖਿਆਲਾ ਖੁਰਦ, ਸ਼ਮਸ਼ੇਰ ਸਿੰਘ ਭੰਗੂ, ਹਰਵਿੰਦਰ ਸਿੰਘ ਸ਼ਾਹ, ਸਰਦੂਲ ਸਿੰਘ ਖਿਆਲਾ, ਨਰਿੰਦਰ ਸਿੰਘ ਫੌਜੀ, ਸੁਖਵਿੰਦਰ ਸਿੰਘ, ਜਸਵੰਤ ਸਿੰਘ ਫੌਜੀ, ਗੁਰਮੇਜ ਸਿੰਘ, ਬਲਦੇਵ ਸਿੰਘ, ਗੁਰਦੇਵ ਸਿੰਘ, ਰਵੇਲ ਸਿੰਘ, ਜਸਬੀਰ ਸਿੰਘ, ਮੁਖਤਾਰ ਸਿੰਘ, ਰਣਜੀਤ ਸਿੰਘ, ਲਖਵਿੰਦਰ ਸਿੰਘ ਆੜਤੀ, ਆਦਿ ਹਾਜ਼ਰ ਸਨ।

### ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੂੰ ਖੇਤ ਮਜ਼ਦੂਰਾਂ ਨੇ ਮੰਗਾਂ ਸਬੰਧੀ ਦਿੱਤਾ ਪੱਤਰ: ਨਸਰਾਲੀ

# ਔਰਤਾਂ ਨੂੰ ਇਕ ਹਜ਼ਾਰ ਰੁਪਏ ਪ੍ਰਤੀ ਮਹੀਨਾ ਤੇ ਪੈਨਸ਼ਨਾਂ ਪੰਜ ਹਜ਼ਾਰ ਰੁਪਏ ਦੇਣ ਦੀ ਕੀਤੀ ਮੰਗ

**ਮੰਗ ਪੱਤਰ ਦੇਣ ਤੋਂ ਪਹਿਲਾਂ ਮਜ਼ਦੂਰ ਧੂਰੀ ਬਾਈਪਾਸ ਤੇ ਇਕੱਠੇ ਹੋਏ । ਜਿੱਥੋਂ ਮਜ਼ਦੂਰਾਂ ਨੇ ਗੁਰਜੰਟ ਸਿੰਘ ਢੀਡਸਾ ਅਤੇ ਗੋਪੀ ਗਿਰ ਕੱਲਰ ਭੈਣੀ ਦੀ ਅਗਵਾਈ ਵਿੱਚ ਮੁਜਾਹਰਾ ਕਰਕੇ ਹਰਪਾਲ ਚੀਮਾ ਦੀ ਕੋਠੀ ਦੇ ਨੇੜੇ ਪਹੁੰਚੇ....**





**ਸੰਗਰੂਰ, 10 ਅਗਸਤ ( ਆਵਾਜ਼ਿ ਕੌਮ ਬਿਊਰੋ)**-ਰੁਜ਼ਗਾਰ ਦੀ ਗਰੰਟੀ ਕਰਵਾਉਣ, ਬੇਘਰਿਆਂ ਤੇ ਲੋੜਵੰਦਾਂ ਨੂੰ ਪਲਾਟ ਤੇ ਮਕਾਨ ਉਸਾਰੀ ਲਈ ਗ੍ਰਾਂਟਾਂ ਦੇਣ, ਪੈਨਸ਼ਨਾਂ ਦੀ ਰਾਸ਼ੀ ਵਧਾ ਕੇ ਪੰਜ ਹਜ਼ਾਰ ਰੁਪਏ ਪ੍ਰਤੀ ਮਹੀਨਾ ਕਰਨ, ਚੋਣ ਗਰੰਟੀ ਮੁਤਾਬਕ ਔਰਤਾਂ ਨੂੰ ਹਜ਼ਾਰ ਰੁਪਏ ਪ੍ਰਤੀ ਮਹੀਨਾ ਦੇਣ, ਮਨਰੇਗਾ ਦਿਹਾੜੀ 700 ਰੁਪਏ ਕਰਵਾਉਣ ਤੇ ਪਰਿਵਾਰ ਦੇ ਸਾਰੇ ਬਾਲਗ ਮੈਂਬਰਾਂ ਨੂੰ ਸਾਲ ਭਰ ਕੰਮ ਦੇਣ, ਮਨਰੇਗਾ ਕੰਮ ਵਿੱਚ ਸਿਆਸੀ ਦਖਲ ਬੰਦ ਕਰਨ ਅਤੇ ਜਨਤਕ ਵੰਡ ਪ੍ਰਣਾਲੀ ਤਹਿਤ ਰਸੋਈ ਵਰਤੋਂ ਦੀਆਂ ਵਸਤਾਂ ਸਸਤੇ ਭਾਅ ਡਿੱਪੂਆਂ 'ਤੇ ਦੇਣ ਅਤੇ ਕਾਲਜਾਂ ਚ ਦਾਖ਼ਲ ਹੋਣ ਵਾਲੇ ਐਸ ਸੀ ਵਿਦਿਆਰਥੀਆਂ ਤੋਂ ਪੀ ਟੀ ਏ ਫੰਡ ਵਸੂਲਣਾ ਬੰਦ ਕਰਨ ਆਦਿ ਮੰਗਾਂ ਨੂੰ ਲੈਕੇ ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਇਕ ਜਨਤਕ ਵਫਦ ਨੇ ਸਰਕਾਰ ਦੇ ਖਜਾਨਾ ਮੰਤਰੀ ਹਰਪਾਲ ਸਿੰਘ ਚੀਮਾ ਨੂੰ ਉਹਨਾਂ ਦੀ ਰਿਹਾਇਸ਼ ਵਿੱਚ ਜਾ ਕੇ ਮੰਗ ਪੱਤਰ ਦਿੱਤਾ । ਜਨਤਕ ਵਫਦ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਖੇਤ ਮਜ਼ਦੂਰਾਂ ਦੀਆਂ ਲਟਕਦੀਆਂ ਆ ਰਹੀਆਂ ਮੰਗਾਂ ਨੂੰ ਤੁਰੰਤ ਹੱਲ ਕੀਤਾ ਜਾਵੇ। ਮੰਗ ਪੱਤਰ ਦੇਣ ਤੋਂ ਪਹਿਲਾਂ ਮਜ਼ਦੂਰ ਧੂਰੀ ਬਾਈਪਾਸ ਤੇ ਇਕੱਠੇ ਹੋਏ । ਜਿੱਥੋਂ ਮਜ਼ਦੂਰਾਂ ਨੇ ਗੁਰਜੰਟ ਸਿੰਘ ਢੀਡਸਾ ਅਤੇ ਗੋਪੀ ਗਿਰ ਕੱਲਰ ਭੈਣੀ ਦੀ ਅਗਵਾਈ ਵਿੱਚ ਮੁਜਾਹਰਾ ਕਰਕੇ ਹਰਪਾਲ ਚੀਮਾ ਦੀ ਕੋਠੀ ਦੇ ਨੇੜੇ ਪਹੁੰਚੇ । ਜਿੱਥੇ ਪੁਲਿਸ ਨੇ ਉਹਨਾਂ ਨੂੰ ਰੋਕ ਲਿਆ ਜਿੱਥੇ ਮਜ਼ਦੂਰ ਸੜਕ ਉੱਤੇ ਧੁੱਪ ਵਿੱਚ ਹੀ ਧਰਨਾ ਲਾ ਕੇ ਬੈਠ ਗਏ। ਧਰਨੇ ਤੇ ਬੈਠੇ ਮਜ਼ਦੂਰਾਂ ਨੂੰ ਸੰਬੋਧਨ ਕਰਦਿਆਂ ਯੂਨੀਅਨ ਦੇ ਸੂਬਾਈ ਪ੍ਰਧਾਨ ਜੋਰਾ ਸਿੰਘ ਨਸਰਾਲੀ ਤੇ ਹਰਭਗਵਾਨ ਮੂਨਕ ਨੇ ਕਿਹਾ ਕਿ ਭਗਵੰਤ ਮਾਨ ਸਰਕਾਰ ਦੀ ਮਜ਼ਦੂਰਾਂ ਨੂੰ ਅਣਗੌਲਿਆਂ ਕਰਨ ਦੀ ਨੀਤੀ ਨਾ ਤਿਆਗੀ ਤਾਂ 21 ਅਗਸਤ ਨੂੰ ਖਜ਼ਾਨਾ ਮੰਤਰੀ ਹਰਪਾਲ ਸਿੰਘ ਚੀਮਾ ਦੀ ਕੋਠੀ ਅੱਗੇ ਧਰਨਾ ਲਾਇਆ ਜਾਵੇਗਾ। ਮਜ਼ਦੂਰ ਆਗੂਆਂ ਨੇ ਦੋਸ਼ ਲਾਇਆ ਕਿ ਭਗਵੰਤ ਮਾਨ ਸਰਕਾਰ ਦੀ ਅਗਵਾਈ ਵਾਲੀ ਆਪ ਸਰਕਾਰ ਵੱਲੋਂ ਨਾਂ ਸਿਰਫ਼ ਖੇਤ ਮਜ਼ਦੂਰਾਂ ਦੀਆਂ ਮੰਗਾਂ ਨੂੰ ਹੀ ਅੱਖੋਂ ਪਰੋਖੇ ਕੀਤਾ ਜਾ ਰਿਹਾ ਸਗੋਂ ਲਗਾਤਾਰ ਮਜ਼ਦੂਰ ਵਿਰੋਧੀ ਫ਼ੈਸਲੇ ਲਾਗੂ ਕੀਤੇ ਜਾ ਰਹੇ ਹਨ। ਉਹਨਾਂ ਆਖਿਆ ਕਿ ਆਪ ਸਰਕਾਰ ਵੱਲੋਂ ਧਰਤੀ ਹੇਠਲਾ ਪਾਣੀ ਬਚਾਉਣ ਦੇ ਨਾਂ ਹੇਠ 2 ਲੱਖ 48 ਏਕੜ ਵਿੱਚ ਸਿੱਧੀ ਬਜਾਈ ਕਰਵਾਉਣ ਕਰਕੇ ਮਜ਼ਦੂਰਾਂ ਨੂੰ 86 ਕਰੋੜ 80 ਲੱਖ ਰੁਪਏ ਦੇ ਰੁਜ਼ਗਾਰ ਦਾ ਘਾਟਾ ਪਿਆ ਹੈ। ਮਜ਼ਦੂਰਾਂ ਦੇ ਹੋਏ ਇਸ ਰੁਜ਼ਗਾਰ ਉਜਾੜੇ ਦਾ ਕੋਈ ਬਦਲਵਾਂ ਪ੍ਰਬੰਧ ਨਹੀਂ ਕੀਤਾ ਗਿਆ । ਗੜੇਮਾਰੀ ਕਾਰਨ ਕਣਕ ਦੇ ਹੋਏ ਨੁਕਸਾਨ ਸਬੰਧੀ ਜ਼ਾਰੀ ਕੀਤੇ ਮੁਆਵਜ਼ੇ ਚੋਂ ਮਜ਼ਦੂਰਾਂ ਨੂੰ ਦਿੱਤਾ ਜਾਣ ਵਾਲਾ ਦਸ ਫੀਸਦੀ ਮੁਆਵਜ਼ਾ ਵੀ ਨਹੀਂ ਦਿੱਤਾ ਗਿਆ, ਨਾਂ ਹੀ ਚੋਣ ਵਾਅਦੇ ਮੁਤਾਬਕ ਪੈਨਸ਼ਨਾਂ ਦੀ ਰਾਸ਼ੀ 'ਚ ਕੋਈ ਵਾਧਾ ਕੀਤਾ ਗਿਆ। ਉਹਨਾਂ ਆਖਿਆ ਕਿ ਮਨਰੇਗਾ 'ਚ ਕੰਮ ਸ਼ੁਰੂ ਕਰਨ ਵਾਲੀ ਫਸਟ ਲੁਕੇਸ਼ਨ ਵਾਲੀ ਥਾਂ ਤੋਂ ਹੀ ਹਰ ਰੋਜ਼ ਦੋ ਵਾਰ ਹਾਜ਼ਰੀ ਲਾਉਣ ਦੇ ਫੁਰਮਾਨ ਜਾਰੀ ਕਰਕੇ ਮਨਰੇਗਾ ਵਰਕਰਾਂ ਨੂੰ ਅਤਿ ਦੀ ਗਰਮੀ 'ਚ ਕਈ ਕਈ ਕਿਲੋਮੀਟਰ ਤੁਰ ਕੇ ਜਾਣ ਲਈ ਮਜਬੂਰ ਕੀਤਾ ਜਾ ਰਿਹਾ ਹੈ। ਮਜ਼ਦੂਰ ਆਗੂ ਨੇ ਆਖਿਆ ਕਿ ਪਹਿਲੀਆਂ ਸਰਕਾਰਾਂ ਵਾਂਗ ਆਪ ਸਰਕਾਰ ਦੇ ਰਾਜ 'ਚ ਪੰਚਾਇਤੀ ਜ਼ਮੀਨ ਚੋਂ ਤੀਜਾ ਹਿੱਸਾ ਜ਼ਮੀਨ ਮਜ਼ਦੂਰਾਂ ਨੂੰ ਸਸਤੇ ਭਾਅ ਠੇਕੇ 'ਤੇ ਦੇਣ ਦੀ ਥਾਂ ਡੰਮੀ ਬੋਲੀਆਂ ਕਰਾਈਆਂ ਜਾ ਰਹੀਆਂ ਹਨ ।ਮਜ਼ਦੂਰਾਂ ਨੂੰ ਕੋਆਪਰੇਟਿਵ ਸੁਸਾਇਟੀ ਦੇ ਮੈਂਬਰ ਬਣਾਕੇ ਸਸਤੇ ਕਰਜ਼ੇ ਦੇਣ ਦੇ ਕਾਨੂੰਨੀ ਹੱਕ ਤੋਂ ਵੀ ਵਾਂਝੇ ਰੱਖਕੇ ਉਹਨਾਂ ਨੂੰ ਮਾਈਕਰੋ ਫਾਈਨਾਂਸ ਕੰਪਨੀ ਦੇ ਤੰਦੂਆ ਜਾਲ 'ਚ ਜਕੜਿਆ ਜਾ ਰਿਹਾ ਹੈ ।ਉਹਨਾਂ ਦੋਸ਼ ਲਾਇਆ ਕਿ ਕੇਜਰੀਵਾਲ ਵੱਲੋਂ ਚਾਰ ਮਹੀਨਿਆਂ 'ਚ ਨਸ਼ਿਆਂ ਨੂੰ ਠੱਲ ਪਾਉਣ ਦੀ ਦਿੱਤੀ ਗਰੰਟੀ ਦੇ ਬਾਵਜੂਦ ਨਸ਼ਿਆਂ ਦੀ ਮਹਾਂਮਾਰੀ ਹੋਰ ਵੀ ਵਿਰਾਟ ਰੂਪ ਧਾਰਨ ਕਰ ਚੁੱਕੀ ਹੈ ਅਤੇ ਨਸ਼ਿਆਂ ਕਾਰਨ ਨੌਜਵਾਨਾਂ ਦੀਆਂ ਮੌਤਾਂ ਵਧ ਰਹੀਆਂ ਹਨ ।ਸੂਬਾ ਪ੍ਰਧਾਨ ਨੇ ਮੀਟਿੰਗ ਵਿੱਚ ਹਾਜ਼ਰ ਮਜ਼ਦੂਰਾਂ ਨੂੰ ਆਪਣੀਆਂ ਹੱਕੀ ਮੰਗਾਂ ਲਈ ਇਕੱਠੇ ਹੋਕੇ ਸਰਕਾਰ ਖਿਲਾਫ ਤਿੱਖੇ ਸੰਘਰਸ਼ ਕਰਨ ਦਾ ਸੱਦਾ ਦਿੰਦਿਆਂ ਮਜ਼ਦੂਰਾਂ ਨੂੰ 21 ਅਗਸਤ ਨੂੰ ਹਰਪਾਲ ਸਿੰਘ ਚੀਮਾ ਦੀ ਕੋਠੀ ਅੱਗੇ ਪਰਿਵਾਰਾਂ ਸਮੇਤ ਸ਼ਾਮਿਲ ਹੋਣ ਦੀ ਅਪੀਲ ਕੀਤੀ।

# ਧੀਆਂ ਦੇ ਤਿਉਹਾਰ ਨੂੰ ਇਸ ਸਾਲ ਦੀ ਤਰ੍ਹਾਂ ਹਰ ਸਾਲ ਧੂਮ ਧਾਮ ਨਾਲ ਮਨਾਇਆ ਜਾਵੇ ਜਾਇਆ ਕਰੇਗਾ: ਮੁੱਖ ਪ੍ਰਬੰਧਕ





ਸੰਗਰੂਰ ( ਰਣਜੀਤ ਸਿੰਘ ਪੇਧਨੀ ) ਰਸਮੀ ਗੋਇਲ, ਮੀਨੂ ਗੋਇਲ, ਪ੍ਰਵੀਨ ਰਾਏ, ਜਸਪ੍ਰੀਤ ਕੌਰ ਪਤਨੀ ਠੇਕੇਦਾਰ ਹਰਜਿੰਦਰ ਸਿੰਘ ਕਾਂਝਲਾ ਡਾਇਰੈਕਟਰ ਵੇਰਕਾ ਮਿਲਟ ਪਲਾਂਟ ਸੰਗਰੂਰ ਦੀ ਅਗਵਾਈ ਹੇਠ ਸਾਉਣ ਦੀਆਂ ਤੀਆਂ ਦਾ ਤਿਉਹਾਰ ਪੂਨੀਆ ਟਾਵਰ ਵਿਖੇ ਮਨਾਇਆ ਗਿਆ । ਇਸ ਮੌਕੇ ਚੋਣਵੇਂ ਪ੍ਰੈਸ ਨਾਲ ਜਾਣਕਾਰੀ ਸਾਂਝੀ ਕਰਦਿਆਂ ਤੀਆਂ ਵਾਲੇ ਪ੍ਰੋਗਰਾਮ ਦੇ ਮੁੱਖ ਪ੍ਰਬਧਕ ਮੈਡਮ ਰਸਮੀ ਗੋਇਲ, ਮੈਡਮ ਪ੍ਰਵੀਨ ਰਾਏ, ਮੈਡਮ ਮੀਨੂੰ ਗੋਇਲ ਅਤੇ ਮੈਡਮ ਜਸਪ੍ਰੀਤ ਕੌਰ ਕਾਂਝਲਾ ਨੇ ਕਿਹਾ ਕਿ ਤੀਆ ਦੇ ਤਿਉਹਾਰ ਮਨਾਉਣ ਦੇ ਨਾਲ ਨੂੰਹਾਂ ਅਤੇ ਸੱਸਾਂ ਨੂੰ ਇੱਕ ਸੱਥ ਹੇਠਾਂ ਇਕੱਠੇ ਹੋਣ ਦਾ ਸੁਭਾਗ ਪ੍ਰਾਪਤ ਹੁੰਦਾ ਹੈ ਅਤੇ ਦੂਰ ਦੁਰਾਡੇ ਵਿਆਹੀਆਂ ਕੁੜੀਆਂ ਨੂੰ ਤੀਆਂ ਦੇ ਤਿਉਹਾਰ ਦੇ ਬਹਾਨੇ ਇਕੱਠੀਆਂ ਹੋ ਜਾਂਦੀਆ ਹਨ । ਇਸ ਮੌਕੇ ਬਿੰਦੀ, ਜਾਮਨੀ ,ਦੀਪ ,ਰੇਸ਼ਮੀ, ਮੀਨੂ, ਸੀਮਾ, ਸੰਦੀਪ ਪੂਨੀਆ, ਚਰਨਜੀਤ, ਵਿਨੀਤਾ ,ਸੁਖਲਾ, ਸੋਭਾ ਗਰਗ, ਡਿੰਪਲ ,ਪੱਲਵੀ, ਪੂਜਾ ,ਮਨਦੀਪ, ਡਿੰਪਲ, ਸੀਮਾ, ਸੁਖਜਿੰਦਰ ,ਮੀਨਾਕਸੀ ,ਰਵਨੀਤ ਕੌਰ, ਪਰਵਿੰਦਰ ਕੌਰ ,ਪਿੰਕੀ, ਰੇਖਾ, ਗੁੱਡੀ ਆਂਟੀ, ਸੰਦੀਪ, ਸੀਮਾ ਵਰਮਾ, ਸਰਿਆ ਵਰਮਾ, ਸਿਫਾਲੀ ਗਰੋਵਰ, ਜਗਵਿੰਦਰ, ਨੀਨਾ, ਸੈਲੀ, ਆਸਾ ,ਪਰਵੀਨ, ਰੀਨਾ, ਅਮਨਦੀਪ, ਅਮਨਦੀਪ ,ਨੂਰ ,ਗੀਤਾ, ਸੁਖੀ, ਦੀਪ ਪ੍ਰਵੀਨ, ਕਨਕਾ, ਰਾਖੀ, ਅਲੀਸਾ , ਰਿਸ਼ੂ, ਮਾਨਸੀ, ਅਸੀਮਾ, ਨੇਹਾ, ਬਿੰਨੀ ਹਾਜ਼ਰ ਸਨ

# ਪੁਲਿਸ ਵੱਲੋ ਵੱਖ ਵੱਖ ਅਪਰਾਧਿਕ ਮਾਮਲਿਆ ਵਿੱਚ 10 ਆਰੋਪੀਆ ਨੂੰ ਕੀਤਾ ਕਾਬੂ : ਐਸ ਐਚ ਓ ਮੁਖਤਿਆਰ ਸਿੰਘ



**ਜੰਡਿਆਲਾ ਗੁਰੂ, 10 ਅਗਸਤ ( ਕੁਲਵੰਤ ਸਿੰਘ ਵਿਰਦੀ)**-ਐਸ ਐਸ ਪੀ ਅੰਮ੍ਰਿਤਸਰ ਦਿਹਾਤੀ ਆਈ ਪੀ ਐਸ ਸ੍ਰ ਚਰਨਜੀਤ ਸਿੰਘ ਦੀ ਦਿਸ਼ਾ ਨਿਰਦੇਸ਼ਾਂ ਅਨੁਸਾਰ ਥਾਣਾ ਜੰਡਿਆਲਾ ਗੁਰੂ ਵੱਖ ਵੱਖ 5 ਮਾਮਲਿਆਂ ਵਿੱਚ ਨਾਮਜ਼ਦ ਮੁਲਜਮਾ ਨੂੰ ਫੜ ਕੇ ਥਾਣਾ ਜੰਡਿਆਲਾ ਗੁਰੂ ਦੀ ਪੁਲਿਸ ਨੇ ਵੱਡੀ ਸਫਲਤਾ ਹਾਸਲ ਕੀਤੀ ਹੈ ਥਾਣਾ ਜੰਡਿਆਲਾ ਗੁਰੂ ਦੇ ਐਸ ਐਚ ਓ ਇੰਸਪੈਕਟਰ ਮੁਖ਼ਿਤਆਰ ਸਿੰਘ ਨੇ ਦੱਸਿਆ ਕਿ ਜ਼ਿਲ੍ਹਾ ਅੰਮ੍ਰਿਤਸਰ ਦਿਹਾਤੀ ਦੇ ਐਸ ਐਸ ਪੀ ਚਰਨਜੀਤ ਸਿੰਘ ਦੀਆਂ ਹਦਾਇਤਾਂ ਨੂੰ ਮੁੱਖ ਰੱਖਦਿਆਂ ਭਗੌੜੇ ਦੋਸ਼ੀਆਂ ਨੂੰ ਫੜਨ ਅਤੇ ਕ੍ਰਾਈਮ ਕਰਨ ਵਾਲੇ ਲੋਕਾਂ ਨੂੰ ਫੜਨ ਲਈ ਚਲਾਈ ਗਈ ਮੁਹਿੰਮ ਤਹਿਤ ਥਾਣਾ ਜੰਡਿਆਲਾ ਗੁਰੂ ਵਿਖੇ ਦਰਜ 5 ਮਾਮਲਿਆਂ ਵਿੱਚ ਨਾਮਜ਼ਦ ਮੁਲਜਮਾ ਨੂੰ ਫੜ ਕੇ ਵੱਡੀ ਸਫਲਤਾ ਹਾਸਲ ਕੀਤੀ ਹੈ ਐਸ ਐੱਚ ਓ ਨੇ ਦੱਸਿਆ ਕਿ ਮੁਹੱਲਾ ਸ਼ੇਖੂਪੁਰਾ ਵਿੱਚ ਬੁਟੀਕ ਦੀ ਦੁਕਾਨ ਕਰਦੀ ਆਪਣੀ ਪਤਨੀ ਨੂੰ ਮਾਰ ਦੇਣ ਦੀ ਨੀਅਤ ਨਾਲ ਹਮਲਾ ਕਰਨ ਵਾਲੇ ਧਾਰਾ 307 ਦੋਸ਼ੀ ਕੁਲਦੀਪ ਮਸੀਹ,ਨਵਾਂਪਿੰਡ ਚੌਂਕੀ ਦੇ ਇੰਚਾਰਜ ਰਛਪਾਲ ਸਿੰਘ ਨੇ ਚੋਰਾਂ ਦੇ ਗੈਂਗ ਨੂੰ ਫੜ ਕੇ ਸਫਲਤਾ ਹਾਸਲ ਕੀਤੀ, ਧਾਰੜ ਸਾਈਡ ਤੇ ਟ੍ਰਾਂਸਫਾਰਮਰ, ਤਾਰਾਂ ਚੋਰੀ ਕਰਨ ਵਾਲੇ,ਡਰੱਗ ਦੇ ਕੇਸ ਵਿੱਚ 25ਗ੍ਰਾਮ ਹੈਰੋਇਨ ਸਮੇਤ ਦੋਸ਼ੀ,ਪਿੰਡ ਨੰਗਲ ਗੁਰੂ ਵਿਖੇ ਘਰੇਲੂ ਝਗੜੇ ਵਿੱਚ ਇੱਕ ਧਿਰ ਵਲੋਂ ਗੋਲੀਆਂ ਚਲਾਉਣ ਵਾਲੇ 8 ਦੋਸ਼ੀਆਂ ਵਿੱਚੋਂ 4ਦੋਸ਼ੀਆਂ ਨੂੰ ਫੜ ਕੇ ਵੱਡੀ ਸਫਲਤਾ ਹਾਸਲ ਕੀਤੀ ਹੈ ।ਇਹਨਾਂ ਸਾਰਿਆਂ ਦਾ ਰਿਮਾਂਡ ਲੈਅ ਕੇ ਹੋਰ ਪੁੱਛ ਗਿੱਛ ਕੀਤੀ ਜਾਵੇਗੀ ।ਓਹਨਾ ਦੱਸਿਆ ਕਿ ਗੋਲੀਆਂ ਚਲਾਉਣ ਵਾਲੇ,ਕ੍ਰਾਈਮ ਕਰਨ ਵਾਲਿਆਂ ਨੂੰ ਬਖ਼ਿਸ਼ਆ ਨਹੀਂ ਜਾਵੇਗਾ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243